


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




 Ludhiana, Tuesday 05 May, 2026 website: www.cee7news.com

## ਪੰਜਾਬ ਕਿੰਗਜ਼ ਨੂੰ 4 ਵਿਕਟਾਂ ਨਾਲ ਹਰਾਇਆ



ਗੁਜਰਾਤ ਟਾਈਟਨਜ਼ ਨੇ ਆਈਪੀਐਲ ਦੇ ਦੂਜੇ ਮੈਚ ਵਿੱਚ ਟੇਬਲ-ਟੌਪਰਸ ਪੰਜਾਬ ਕਿੰਗਜ਼ ਨੂੰ ਚਾਰ ਵਿਕਟਾਂ ਨਾਲ ਹਰਾਇਆ। ਉਨ੍ਹਾਂ ਨੇ ਆਪਣਾ ਲਗਾਤਾਰ ਤੀਜਾ ਮੈਚ ਜਿੱਤਿਆ, ਜਦੋਂ ਕਿ ਪੰਜਾਬ ਆਪਣਾ ਦੂਜਾ ਮੈਚ ਹਾਰ ਗਿਆ। ਇਸ ਹਾਰ ਦੇ ਬਾਵਜੂਦ, ਪੰਜਾਬ ਟੇਬਲ ਦੇ ਸਿਖਰ 'ਤੇ ਬਣਿਆ ਹੋਇਆ ਹੈ।ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਹੋਏ ਇਸ ਮੈਚ ਵਿੱਚ ਗੁਜਰਾਤ ਨੇ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਪੰਜਾਬ ਨੇ 20 ਓਵਰਾਂ ਵਿੱਚ 9 ਵਿਕਟਾਂ 'ਤੇ 163 ਦੌੜਾਂ ਬਣਾਈਆਂ। ਗੁਜਰਾਤ ਨੇ 19.5 ਓਵਰਾਂ ਵਿੱਚ 6 ਵਿਕਟਾਂ 'ਤੇ 164 ਦੌੜਾਂ ਦਾ ਟੀਚਾ ਹਾਸਲ ਕਰ ਲਿਆ। ਵਾਸ਼ਿੰਗਟਨ ਸੁੰਦਰ ਨੇ ਮਾਰਕਸ ਸਟੋਇਨਿਸ ਨੂੰ ਛੱਕਾ ਮਾਰ ਕੇ ਜਿੱਤ ਹਾਸਲ ਕੀਤੀ।ਦੌੜ ਦਾ ਪਿੱਛਾ ਕਰਦੇ ਹੋਏ, ਗੁਜਰਾਤ ਨੇ 16 ਦੇ ਸਕੋਰ 'ਤੇ ਕਪਤਾਨ ਸ਼ੁਭਮਨ ਗਿੱਲ (5 ਦੌੜਾਂ) ਗੁਆ ਦਿੱਤਾ। ਉਹ ਅਰਸ਼ਦੀਪ ਸਿੰਘ ਦੁਆਰਾ ਕੈਚ ਹੋ ਗਿਆ। ਉੱਥੇ, ਸਾਈ ਸੁਦਰਸ਼ਨ ਨੇ ਕਮਾਨ ਸੰਭਾਲੀ। ਉਸ ਨੇ ਜੋਸ ਬਟਲਰ ਨਾਲ ਮਿਲ ਕੇ ਸਕੋਰ 69 ਤੱਕ ਪਹੁੰਚਾਇਆ। ਫਿਰ, ਨਿਸ਼ਾਂਤ ਸਿੱਧੂ ਨਾਲ ਮਿਲ ਕੇ, ਉਸ ਨੇ ਟੀਮ ਨੂੰ 100 ਦੇ ਪਾਰ ਪਹੁੰਚਾਇਆ। ਜਦੋਂ ਤੱਕ ਸੁਦਰਸ਼ ਆਊਟ ਹੋਏ, ਟੀਮ 124 ਤੱਕ ਪਹੁੰਚ ਚੁੱਕੀ ਸੀ। ਵਾਸ਼ਿੰਗਟਨ ਸੁੰਦਰ ਅਤੇ ਰਾਹੁਲ ਤੇਵਤੀਆ ਨੇ ਬਾਕੀ ਕੰਮ ਪੂਰਾ ਕੀਤਾ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ, ਪੰਜਾਬ ਨੇ 47 ਦੌੜਾਂ 'ਤੇ 5 ਵਿਕਟਾਂ ਗੁਆ ਦਿੱਤੀਆਂ। ਉੱਥੇ, ਸੂਰਯਾਂਸ਼ ਸ਼ੈਡਗੇ ਅਤੇ ਮਾਰਕਸ ਸਟੋਇਨਿਸ ਨੇ 44 ਗੇਂਦਾਂ 'ਤੇ 79 ਦੌੜਾਂ ਦੀ ਸਾਂਝੇਦਾਰੀ ਕਰਕੇ ਟੀਮ ਨੂੰ 100 ਦੌੜਾਂ ਦੇ ਪਾਰ ਪਹੁੰਚਾਇਆ। ਸ਼ੈਡਗੇ ਨੇ 29 ਗੇਂਦਾਂ 'ਤੇ 57 ਦੌੜਾਂ ਦਾ ਅਰਧ ਸੈਂਕੜਾ ਲਗਾਇਆ, ਜਦੋਂ ਕਿ ਸਟੋਇਨਿਸ 40 ਦੌੜਾਂ ਬਣਾ ਕੇ ਆਊਟ ਹੋ ਗਿਆ।

## Cee7News ਸੋਸ਼ਲ ਮੀਡੀਆ ਅਤੇ ਸਿਆਸੀ ਹਲਕਿਆਂ ਵਿੱਚ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਇੱਕ ਬਿਆਨ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ,

# ਪੱਛਮੀ ਬੰਗਾਲ ਤੋਂ ਬਾਅਦ ਹੁਣ ਪੰਜਾਬ ਵਿੱਚ ਵੀ 'ਤਖ਼ਤਾ ਪਲਟ' ਜਾਂ ਵੱਡੀ ਸਿਆਸੀ ਤਬਦੀਲੀ ਦੇਖਣ ਨੂੰ ਮਿਲੇਗੀ।

ਸੋਸ਼ਲ ਮੀਡੀਆ ਅਤੇ ਸਿਆਸੀ ਹਲਕਿਆਂ ਵਿੱਚ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਇੱਕ ਬਿਆਨ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਅਤੇ ਆਉਣ ਵਾਲੇ ਸਮੇਂ ਵਿੱਚ ਵੱਡੀ ਸਿਆਸੀ ਉਲਟਫੇਰ ਦੀ ਭਵਿੱਖਬਾਣੀ ਕੀਤੀ ਹੈ। ਬਿੱਟੂ ਅਨੁਸਾਰ, ਪੱਛਮੀ ਬੰਗਾਲ ਤੋਂ ਬਾਅਦ ਹੁਣ ਪੰਜਾਬ ਵਿੱਚ ਵੀ 'ਤਖ਼ਤਾ ਪਲਟ' ਜਾਂ ਵੱਡੀ ਸਿਆਸੀ ਤਬਦੀਲੀ ਦੇਖਣ ਨੂੰ ਮਿਲੇਗੀ।

ਬਿਆਨ ਦਾ ਪਿਛੋਕੜ ਅਤੇ ਮੁੱਖ ਨੁਕਤੇ:

ਰਵਨੀਤ ਬਿੱਟੂ, ਜੋ ਹਾਲ ਹੀ ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਹਨ ਅਤੇ ਕੇਂਦਰੀ ਮੰਤਰੀ ਬਣੇ ਹਨ, ਨੇ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਦਾ ਦਾਅਵਾ ਹੈ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਬਦਤਰ ਹੋ ਚੁੱਕੀ ਹੈ ਅਤੇ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋ ਰਹੀ ਹੈ। ਉਨ੍ਹਾਂ ਨੇ ਬੰਗਾਲ ਦੀ ਉਦਾਹਰਣ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਉੱਥੇ ਸਿਆਸੀ ਸਮੀਕਰਨ ਬਦਲ ਰਹੇ ਹਨ, ਉਹੀ ਹਾਲ ਪੰਜਾਬ ਵਿੱਚ ਹੋਣ ਵਾਲਾ ਹੈ।

ਪੰਜਾਬ ਦੀ ਸਿਆਸਤ 'ਤੇ ਪ੍ਰਭਾਵ:

ਬਿੱਟੂ ਦੇ ਇਸ ਬਿਆਨ ਨੇ ਸੂਬੇ ਦੀ ਸਿਆਸਤ ਵਿੱਚ ਹਲਚਲ ਮਚਾ ਦਿੱਤੀ ਹੈ। ਵਿਰੋਧੀ ਧਿਰਾਂ, ਖਾਸ ਕਰਕੇ ਆਮ ਆਦਮੀ ਪਾਰਟੀ, ਨੇ ਇਸ ਨੂੰ ਲੋਕਤੰਤਰੀ ਤਰੀਕੇ ਨਾਲ ਚੁਣੀ ਗਈ ਸਰਕਾਰ ਨੂੰ ਡੇਗਣ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। 'ਆਪ' ਆਗੂਆਂ ਦਾ ਕਹਿਣਾ ਹੈ ਕਿ ਭਾਜਪਾ ਪਿਛਲੇ ਦਰਵਾਜ਼ੇ ਰਾਹੀਂ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਪੰਜਾਬ ਦੇ ਲੋਕ ਅਜਿਹਾ ਨਹੀਂ ਹੋਣ ਦੇਣਗੇ।

ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦਾ ਮੁੱਦਾ:

ਆਪਣੇ ਭਾਸ਼ਣ ਦੌਰਾਨ ਬਿੱਟੂ ਨੇ ਪੰਜਾਬ ਵਿੱਚ ਵੱਧ ਰਹੇ ਨਸ਼ਿਆਂ ਅਤੇ ਗੈਂਗਸਟਰ ਕਲਚਰ 'ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਇਲਜ਼ਾਮ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨਸ਼ਿਆਂ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਮੁਤਾਬਕ, ਲੋਕਾਂ ਵਿੱਚ ਮੌਜੂਦਾ ਸਰਕਾਰ ਪ੍ਰਤੀ ਭਾਰੀ ਰੋਸ ਹੈ ਅਤੇ ਉਹ ਬਦਲਾਅ ਚਾਹੁੰਦੇ ਹਨ। ਬਿੱਟੂ ਨੇ ਸੰਕੇਤ ਦਿੱਤਾ ਕਿ ਪੰਜਾਬ ਦੇ ਕਈ ਵੱਡੇ ਆਗੂ ਭਾਜਪਾ ਦੇ ਸੰਪਰਕ ਵਿੱਚ ਹਨ, ਜੋ ਆਉਣ ਵਾਲੇ ਸਮੇਂ ਵਿੱਚ ਪਾਰਟੀ ਬਦਲ ਸਕਦੇ ਹਨ।ਰਵਨੀਤ ਬਿੱਟੂ ਦਾ ਇਹ ਬਿਆਨ ਭਾਜਪਾ ਦੀ ਉਸ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ, ਜਿਸ ਤਹਿਤ ਪਾਰਟੀ ਪੰਜਾਬ ਵਿੱਚ ਆਪਣੇ ਪੈਰ ਪਸਾਰਨ ਦੀ ਕੋਸ਼ਿਸ਼ ਕਰ ਰਹੀ ਹੈ।



ਸਿੱਖ ਚਿਹਰਿਆਂ ਨੂੰ ਅੱਗੇ ਕਰਕੇ ਭਾਜਪਾ ਪੰਜਾਬੀ ਵੋਟਰਾਂ ਨੂੰ ਲੁਭਾਉਣਾ ਚਾਹੁੰਦੀ ਹੈ। ਬਿੱਟੂ ਨੇ ਇਹ ਵੀ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਲਈ ਵਚਨਬੱਧ ਹੈ, ਪਰ ਸੂਬਾ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕੇਂਦਰੀ ਸਕੀਮਾਂ ਦਾ ਲਾਭ ਆਮ ਲੋਕਾਂ ਤੱਕ ਨਹੀਂ ਪਹੁੰਚ ਰਿਹਾ।

ਬੰਗਾਲ ਨਾਲ ਤੁਲਨਾ ਦੇ ਅਰਥ:ਬੰਗਾਲ ਵਿੱਚ ਭਾਜਪਾ ਅਤੇ ਤ੍ਰਿਣਮੂਲ ਕਾਂਗਰਸ ਵਿਚਾਲੇ ਲੰਬੇ ਸਮੇਂ ਤੋਂ ਸਿਆਸੀ ਜੰਗ ਜਾਰੀ ਹੈ। ਬਿੱਟੂ ਵੱਲੋਂ ਪੰਜਾਬ ਦੀ ਤੁਲਨਾ ਬੰਗਾਲ ਨਾਲ ਕਰਨਾ ਇਸ ਗੱਲ ਦਾ ਸੰਕੇਤ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਵਿੱਚ ਸਿਆਸੀ ਟਕਰਾਅ ਹੋਰ ਤੇਜ਼ ਹੋਵੇਗਾ। ਉਨ੍ਹਾਂ ਦਾ ਮੰਨਣਾ ਹੈ ਕਿ ਜਿਵੇਂ ਬੰਗਾਲ ਵਿੱਚ ਲੋਕਾਂ ਨੇ ਬਦਲ ਬਾਰੇ ਸੋਚਣਾ ਸ਼ੁਰੂ ਕੀਤਾ ਹੈ, ਪੰਜਾਬ ਵਿੱਚ ਵੀ ਉਹੀ ਲਹਿਰ ਚੱਲ ਰਹੀ ਹੈ।

## ਵਿਕਰਮਸ਼ਿਲਾ ਪੁਲ ਟੁੱਟਿਆ



ਬਿਹਾਰ ਦੇ ਭਾਗਲਪੁਰ ਵਿਚ 4.7 ਕਿਲੋਮੀਟਰ ਲੰਬੇ ਵਿਕਰਮਸ਼ਿਲਾ ਪੁਲ ਦਾ 34 ਮੀਟਰ ਹਿੱਸਾ ਗੰਗਾ ਵਿਚ ਡਿੱਗ ਗਿਆ। ਖੁਸ਼ਕਿਸਮਤੀ ਨਾਲ, ਪ੍ਰਸ਼ਾਸਨ ਨੇ ਪਹਿਲਾਂ ਹੀ ਆਵਾਜਾਈ ਰੋਕ ਦਿੱਤੀ ਸੀ, ਜਿਸ ਨਾਲ ਇੱਕ ਵੱਡਾ ਹਾਦਸਾ ਟਲ ਗਿਆ। ਇਸ ਘਟਨਾ ਨੇ ਸੀਮਾਂਚਲ ਸਮੇਤ ਲਗਭਗ 16 ਜ਼ਿਲ੍ਹਿਆਂ ਨਾਲ ਸੰਪਰਕ ਪ੍ਰਭਾਵਿਤ ਕੀਤਾ ਹੈ ਅਤੇ ਲਗਭਗ 100,000 ਲੋਕਾਂ ਦੇ ਰੋਜ਼ਾਨਾ ਆਉਣ-ਜਾਣ ਨੂੰ ਪ੍ਰਭਾਵਿਤ ਕੀਤਾ ਹੈ। ਪਿਛਲੇ 10 ਸਾਲਾਂ ਵਿੱਚ ਇਸ ਪੁਲ ਦੀ ਤਿੰਨ ਵਾਰ ਮੁਰੰਮਤ ਕੀਤੀ ਗਈ ਹੈ, ਹਾਲ ਹੀ ਵਿੱਚ ਮਾਰਚ 2026 ਵਿੱਚ ਕੀਤੀ ਗਈ। ਇਹ ਪੁਲ ਉੱਤਰ ਪ੍ਰਦੇਸ਼ ਪੁਲ ਨਿਗਮ ਦੁਆਰਾ ਬਣਾਇਆ ਗਿਆ ਸੀ। ਸੜਕ ਨਿਰਮਾਣ ਵਿਭਾਗ ਨੇ ਲਾਪਰਵਾਹੀ ਲਈ ਕਾਰਜਕਾਰੀ ਇੰਜੀਨੀਅਰ ਨੂੰ ਮੁਅੱਤਲ ਕਰ ਦਿੱਤਾ ਹੈ। ਬਿਹਾਰ ਸਟੇਟ ਬ੍ਰਿਜ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਡਾ. ਚੰਦਰਸ਼ੇਖਰ ਨੇ ਕਿਹਾ, "ਭਾਗਲਪੁਰ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਚੌਕਸੀ ਕਾਰਨ ਇੱਕ ਵੱਡੀ ਘਟਨਾ ਟਲ ਗਈ।"ਜੇਕਰ ਪੁਲਿਸ ਪ੍ਰਸ਼ਾਸਨ ਸਮੇਂ ਸਿਰ ਸੁਚੇਤ ਨਾ ਹੁੰਦਾ, ਤਾਂ ਬਹੁਤ ਸਾਰੀਆਂ ਜਾਨਾਂ ਅਤੇ ਜਾਇਦਾਦ ਦਾ ਨੁਕਸਾਨ ਹੋ ਸਕਦਾ ਸੀ। ਅਸੀਂ ਇੱਕ ਡੀਪੀਆਰ ਤਿਆਰ ਕੀਤੀ ਅਤੇ ਇਸਨੂੰ ਰੱਖ-ਰਖਾਅ ਲਈ ਭੇਜਿਆ। ਮੁੱਖ ਮੰਤਰੀ ਨੇ ਰੱਖਿਆ ਮੰਤਰੀ ਨਾਲ ਗੱਲ ਕੀਤੀ ਹੈ। ਪੁਲ ਦੀ ਮੁਰੰਮਤ ਦੇ ਕੰਮ ਵਿੱਚ ਫੌਜ ਦੀ ਮਦਦ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਥਾਨਕ ਲੋਕਾਂ ਲਈ ਵਿਕਲਪਕ ਪ੍ਰਬੰਧ ਕੀਤੇ ਜਾ ਰਹੇ ਹਨ।ਦੱਸਿਆ ਜਾ ਰਿਹਾ ਹੈ ਕਿ ਪੁੱਲ ਦਾ ਇਕ ਹਿੱਸਾ ਬੀਤੀ ਸ਼ਾਮ ਨੂੰ ਢਹਿ ਗਿਆ। ਫਿਰ ਬਾਅਦ ਵਿੱਚ ਰਾਤ ਨੂੰ ਇੱਕ ਵੱਡਾ ਹਿੱਸਾ ਗੰਗਾ ਵਿੱਚ ਡਿੱਗ ਗਿਆ। ਉਸ ਸਮੇਂ ਪੁਲ 'ਤੇ ਵਾਹਨਾਂ ਦੀ ਇੱਕ ਲੰਬੀ ਲਾਈਨ ਲੱਗੀ ਹੋਈ ਸੀ। ਹਾਲਾਂਕਿ, ਪੁਲਿਸ ਦੀ ਚੌਕਸੀ ਨੇ ਇੱਕ ਵੱਡਾ ਹਾਦਸਾ ਹੋਣ ਤੋਂ ਟਾਲ ਦਿੱਤਾ। ਬ੍ਰਿਜ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।ਬਿਹਾਰ ਦੇ ਭਾਗਲਪੁਰ ਵਿਚ 4.7 ਕਿਲੋਮੀਟਰ ਲੰਬੇ ਵਿਕਰਮਸ਼ਿਲਾ ਪੁਲ ਦਾ 34 ਮੀਟਰ ਹਿੱਸਾ ਗੰਗਾ ਵਿਚ ਡਿੱਗ ਗਿਆ। ਖੁਸ਼ਕਿਸਮਤੀ ਨਾਲ, ਪ੍ਰਸ਼ਾਸਨ ਨੇ ਪਹਿਲਾਂ ਹੀ ਆਵਾਜਾਈ ਰੋਕ ਦਿੱਤੀ ਸੀ, ਜਿਸ ਨਾਲ ਇੱਕ

## Cee7News ਉੱਤਰਾਖੰਡ ਅਤੇ ਗੁਆਂਢੀ ਰਾਜਾਂ ਵਿੱਚ ਮੌਸਮ ਦਾ ਕਹਿਰ

# ਜੰਮੂ-ਕਸ਼ਮੀਰ ਵਿੱਚ ਵੀ ਸਥਿਤੀ ਚਿੰਤਾਜਨਕ

ਸ਼ੁਰੂਆਤੀ ਦਿਨਾਂ ਵਿੱਚ ਉੱਤਰੀ ਭਾਰਤ ਦੇ ਕਈ ਹਿੱਸਿਆਂ ਵਿੱਚ ਕੁਦਰਤ ਦਾ ਕਹਿਰ ਦੇਖਣ ਨੂੰ ਮਿਲ ਰਿਹਾ ਹੈ। ਰੋਜ਼ਾਨਾ ਸਪੋਕਸਮੈਨ ਦੀ ਤਾਜ਼ਾ ਰਿਪੋਰਟ ਅਨੁਸਾਰ, ਉੱਤਰਾਖੰਡ ਸਮੇਤ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਹਰਿਆਣਾ ਵਰਗੇ ਰਾਜਾਂ ਵਿੱਚ ਤੇਜ਼ ਤੂਫ਼ਾਨ, ਭਾਰੀ ਮੀਂਹ ਅਤੇ ਗੜ੍ਹੇਮਾਰੀ ਨੇ ਜਨ-ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਕੁਦਰਤੀ ਆਫ਼ਤ ਕਾਰਨ ਹੁਣ ਤੱਕ ਕਈ ਮੌਤਾਂ ਹੋਣ ਦੀ ਖ਼ਬਰ ਹੈ ਅਤੇ ਜਾਇਦਾਦ ਦਾ ਵੀ ਭਾਰੀ ਨੁਕਸਾਨ ਹੋਇਆ ਹੈ।

ਉੱਤਰਾਖੰਡ ਵਿੱਚ ਮੌਸਮ ਦੀ ਸਥਿਤੀ

ਉੱਤਰਾਖੰਡ ਦੇ ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿੱਚ ਮੌਸਮ ਨੇ ਤੇਜ਼ੀ ਨਾਲ ਕਰਵਟ ਲਈ ਹੈ। ਸੂਬੇ ਦੇ ਲਗਭਗ 11 ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਅਤੇ ਗੜ੍ਹੇਮਾਰੀ ਦਰਜ ਕੀਤੀ ਗਈ ਹੈ। ਪ੍ਰਮੁੱਖ ਸੈਰ-ਸਪਾਟਾ ਸਥਾਨਾਂ ਜਿਵੇਂ ਕਿ ਨੈਨੀਤਾਲ, ਦੇਹਰਾਦੂਨ ਅਤੇ ਅਲਮੋੜਾ ਵਿੱਚ ਮੌਸਮ ਵਿਭਾਗ ਵੱਲੋਂ ਅਲਰਟ ਜਾਰੀ ਕੀਤਾ ਗਿਆ ਹੈ। ਪਹਾੜੀ ਇਲਾਕਿਆਂ ਵਿੱਚ ਮੀਂਹ ਕਾਰਨ ਤਾਪਮਾਨ ਵਿੱਚ ਗਿਰਾਵਟ ਆਈ ਹੈ, ਪਰ ਇਸ ਦੇ ਨਾਲ ਹੀ ਭਾਰੀ ਬਾਰਿਸ਼ ਕਾਰਨ ਜ਼ਮੀਨ ਖਿਸਕਣ (landslides) ਦਾ ਖ਼ਤਰਾ ਵੀ ਵਧ ਗਿਆ ਹੈ, ਜਿਸ ਨਾਲ ਯਾਤਰੀਆਂ ਅਤੇ ਸਥਾਨਕ ਲੋਕਾਂ ਲਈ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ।

ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਜਾਨੀ ਨੁਕਸਾਨ

ਮੌਸਮ ਦੇ ਇਸ ਵਿਗੜੇ ਰੂਪ ਨੇ ਸਭ ਤੋਂ ਵੱਧ ਨੁਕਸਾਨ ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਕੀਤਾ ਹੈ। ਰਿਪੋਰਟ ਮੁਤਾਬਕ ਰਾਜਸਥਾਨ ਵਿੱਚ ਮੌਸਮ ਖ਼ਰਾਬ ਹੋਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਦੌਸਾ ਦੇ ਲਾਲਸੋਤ ਅਤੇ ਕੋਟਪੁਤਲੀ-ਬਹਿਰੋੜ ਖੇਤਰਾਂ ਵਿੱਚ ਭਾਰੀ ਗੜ੍ਹੇਮਾਰੀ ਹੋਈ, ਜਿਸ ਨੇ ਫ਼ਸਲਾਂ ਅਤੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ। ਦੂਜੇ ਪਾਸੇ, ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ ਜਿੱਥੇ ਤੂਫ਼ਾਨ ਦੌਰਾਨ ਇੱਕ ਦਰੱਖ਼ਤ ਦੀ ਟਾਹਣੀ ਚੱਕੀ ਉੱਤੇ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਕਾਨਪੁਰ ਵਿੱਚ ਵੀ ਤੂਫ਼ਾਨ ਕਾਰਨ ਰੇਲਵੇ ਟਰੈਕ 'ਤੇ ਦਰੱਖ਼ਤ ਡਿੱਗਣ ਨਾਲ ਰੇਲ ਸੇਵਾਵਾਂ ਵਿੱਚ ਵਿਘਨ ਪਿਆ।

ਹਰਿਆਣਾ ਅਤੇ ਜੰਮੂ-ਕਸ਼ਮੀਰ ਦਾ ਹਾਲ

ਹਰਿਆਣਾ ਦੇ ਸਿਰਸਾ, ਭਿਵਾਨੀ ਅਤੇ ਮਹਿੰਦਰਗੜ੍ਹ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ ਦੇ ਨਾਲ-ਨਾਲ ਗੜ੍ਹੇਮਾਰੀ ਹੋਈ ਹੈ। ਜੰਮੂ-ਕਸ਼ਮੀਰ ਵਿੱਚ ਵੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਲਘਾਮਾ ਵਿੱਚ ਜ਼ਮੀਨ ਖਿਸਕਣ ਕਾਰਨ ਮਹੱਤਵਪੂਰਨ ਬਾਰਾਮੂਲਾ-ਉੜੀ ਹਾਈਵੇਅ ਨੂੰ ਬੰਦ ਕਰਨਾ ਪਿਆ, ਜਿਸ ਕਾਰਨ ਆਵਾਜਾਈ ਨੂੰ ਦੂਜੇ ਰਸਤਿਆਂ ਰਾਹੀਂ ਮੋੜਿਆ ਗਿਆ ਹੈ।ਤਾਪਮਾਨ ਵਿੱਚ ਅੰਤਰ ਅਤੇ ਆਉਣ ਵਾਲੀ ਚੇਤਾਵਨੀ

ਹਾਲਾਂਕਿ ਕਈ ਥਾਵਾਂ 'ਤੇ ਮੀਂਹ ਪੈ ਰਿਹਾ ਹੈ, ਪਰ ਰਾਜਸਥਾਨ ਦੇ ਫਲੋਦੀ ਵਿੱਚ ਤਾਪਮਾਨ 44.8 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ, ਜੋ ਗਰਮੀ ਦੀ ਤੀਬਰਤਾ ਨੂੰ ਦਰਸਾਉਂਦਾ ਹੈ। ਭਾਰਤੀ ਮੌਸਮ ਵਿਭਾਗ (IMD) ਨੇ ਅਗਲੇ ਕੁਝ ਦਿਨਾਂ ਲਈ 13 ਰਾਜਾਂ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਹੈ। ਲਗਭਗ 10 ਰਾਜਾਂ ਵਿੱਚ ਬਿਜਲੀ ਗਰਜਣ ਅਤੇ ਤੂਫ਼ਾਨ ਦੀ ਸੰਭਾਵਨਾ ਜਤਾਈ ਗਈ ਹੈ।




ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਜਾਨੀ ਨੁਕਸਾਨ

ਮੌਸਮ ਦੇ ਇਸ ਵਿਗੜੇ ਰੂਪ ਨੇ ਸਭ ਤੋਂ ਵੱਧ ਨੁਕਸਾਨ ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਕੀਤਾ ਹੈ। ਰਿਪੋਰਟ ਮੁਤਾਬਕ ਰਾਜਸਥਾਨ ਵਿੱਚ ਮੌਸਮ ਖ਼ਰਾਬ ਹੋਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਦੌਸਾ ਦੇ ਲਾਲਸੋਤ ਅਤੇ ਕੋਟਪੁਤਲੀ-ਬਹਿਰੋੜ ਖੇਤਰਾਂ ਵਿੱਚ ਭਾਰੀ ਗੜ੍ਹੇਮਾਰੀ ਹੋਈ, ਜਿਸ ਨੇ ਫ਼ਸਲਾਂ ਅਤੇ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ। ਦੂਜੇ ਪਾਸੇ, ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ ਜਿੱਥੇ ਤੂਫ਼ਾਨ ਦੌਰਾਨ ਇੱਕ ਦਰੱਖ਼ਤ ਦੀ ਟਾਹਣੀ ਚੱਕੀ ਉੱਤੇ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਕਾਨਪੁਰ ਵਿੱਚ ਵੀ ਤੂਫ਼ਾਨ ਕਾਰਨ ਰੇਲਵੇ ਟਰੈਕ 'ਤੇ ਦਰੱਖ਼ਤ ਡਿੱਗਣ ਨਾਲ ਰੇਲ ਸੇਵਾਵਾਂ ਵਿੱਚ ਵਿਘਨ ਪਿਆ।ਹਰਿਆਣਾ ਅਤੇ ਜੰਮੂ-ਕਸ਼ਮੀਰ ਦਾ ਹਾਲ ਹਰਿਆਣਾ ਦੇ ਸਿਰਸਾ, ਭਿਵਾਨੀ ਅਤੇ ਮਹਿੰਦਰਗੜ੍ਹ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ ਦੇ ਨਾਲ-ਨਾਲ ਗੜ੍ਹੇਮਾਰੀ ਹੋਈ ਹੈ। ਜੰਮੂ-ਕਸ਼ਮੀਰ ਵਿੱਚ ਵੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਲਘਾਮਾ ਵਿੱਚ ਜ਼ਮੀਨ ਖਿਸਕਣ ਕਾਰਨ ਮਹੱਤਵਪੂਰਨ ਬਾਰਾਮੂਲਾ-ਉੜੀ ਹਾਈਵੇਅ ਨੂੰ ਬੰਦ ਕਰਨਾ ਪਿਆ, ਜਿਸ ਕਾਰਨ ਆਵਾਜਾਈ ਨੂੰ ਦੂਜੇ ਰਸਤਿਆਂ ਰਾਹੀਂ ਮੋੜਿਆ ਗਿਆ ਹੈ। ਤਾਪਮਾਨ ਵਿੱਚ ਅੰਤਰ ਅਤੇ ਆਉਣ ਵਾਲੀ ਚੇਤਾਵਨੀ

ਹਾਲਾਂਕਿ ਕਈ ਥਾਵਾਂ 'ਤੇ ਮੀਂਹ ਪੈ ਰਿਹਾ ਹੈ, ਪਰ ਰਾਜਸਥਾਨ ਦੇ ਫਲੋਦੀ ਵਿੱਚ ਤਾਪਮਾਨ 44.8 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ, ਜੋ ਗਰਮੀ ਦੀ ਤੀਬਰਤਾ ਨੂੰ ਦਰਸਾਉਂਦਾ ਹੈ। ਭਾਰਤੀ ਮੌਸਮ ਵਿਭਾਗ (IMD) ਨੇ ਅਗਲੇ ਕੁਝ ਦਿਨਾਂ ਲਈ 13 ਰਾਜਾਂ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਹੈ। ਲਗਭਗ 10 ਰਾਜਾਂ ਵਿੱਚ ਬਿਜਲੀ ਗਰਜਣ ਅਤੇ ਤੂਫ਼ਾਨ ਦੀ ਸੰਭਾਵਨਾ ਜਤਾਈ ਗਈ ਹੈ।ਸਿੱਟਾ ਕੁਦਰਤ ਦੇ ਇਸ ਬਦਲਦੇ ਮਿਜ਼ਾਜ ਨੇ ਇੱਕ ਪਾਸੇ ਜਿੱਥੇ ਗਰਮੀ ਤੋਂ ਰਾਹਤ ਦਿੱਤੀ ਹੈ, ਉੱਥੇ ਹੀ ਦੂਜੇ ਪਾਸੇ ਮੌਤ ਅਤੇ ਤਬਾਹੀ ਦਾ ਮੰਜ਼ਰ ਵੀ ਪੇਸ਼ ਕੀਤਾ ਹੈ।

## ਵੇਖ ਵੇਖ ਕੇ ਸਮਝ



ਵੇਖ ਵੀਰ ਵੇਖ ਜਰਾ ਵੇਖ ਕੇ ਚਲੋ
ਵੇਖ ਭੈਣ ਵੇਖ ਜਰਾ ਵੇਖ ਕੇ ਚਲੋ-
ਇਧੁਰ ਹੀ ਨਹੀਂ ਓਦਰ ਵੀ
ਅੱਗੇ ਹੀ ਨਹੀਂ ਪਿਛੈ ਵੀ-
ਸਿੱਧੇ ਹੀ ਨਹੀਂ ਪੁੱਠੇ ਵੀ-
ਸੱਜੇ ਹੀ ਨਹੀਂ ਖੱਬੇ ਵੀ-
ਉਪਰ ਹੀ ਨਹੀਂ ਹੇਠ ਵੀ-
ਵੇਖ ਵੀਰ ਭੈਣ ਜਰਾ ਵੇਖ ਕੇ ਚਲੋ
ਨੇਤਾ ਜੋ ਚੁਣਿਆ ਓ ਨਿਕਲਿਆ ਗਦਾਰ ਹੈ
ਵੋਟ ਲੈ ਕੇ ਵੋਟਰ ਦੇ ਸੀਨੇ ਚ ਖੋਭਦਾ ਕਟਾਰ ਹੈ ॥
ਚੋਰਾਂ ਨੂੰ ਹੀ ਚੁਣਿਆ ਆਪਾਂ ਪਹਿਰੇਦਾਰ ਹੈ
ਉਮੀਦਾਂ ਤੇ ਪਾਣੀ ਫੇਰੇ ਇਹ ਉਮੀਦਵਾਰ ਹੈ॥
ਨਿਯਮ ਟੰਗੇ ਛਿੱਕੇ,ਨਿਜ਼ਾਮ ਧੰਨਾ ਸ਼ਾਹੂਕਾਰ ਹੈ
ਤੀਹ ਦਾ ਤਿੰਨ ਸੌ ਲਿਖੇ ਆੜ੍ਹਤੀਆ ਸਰਕਾਰ ਹੈ।
ਜਨਤਾ ਦੀ ਕੌਲੀ ਵਿੱਚ ਨਾਂ ਦੋ ਦਾਣੇ ਦਾਲ ਹੈ-
ਨੇਤਾਵਾਂ ਦਾ ਭਰਿਆ ਸੋਨੇ ਚਾਂਦੀ ਦਾ ਥਾਲ ਹੈ॥
ਵੋਟਰ ਦੇ ਗਲ ਵਿੱਚ ਨਾਂ ਬੁਨੈਨ ਦਿਸਦੀ
ਨੇਤਾ ਦੇ ਗਲ ਹੀਰੇ ਪੰਨਿਆਂ ਦਾ ਹਾਰ ਹੈ=
ਪੜ੍ਹਿਆ ਅਨ੍ਹਪੜ੍ਹ ਹਰ ਦੂਜਾ ਬੰਦਾ ਬੇਰੁਜਗਾਰ ਹੈ
ਲੀਡਰ ਦੀ ਦਸਵੀਂ ਪੀੜ੍ਹੀ ਤੱਕ ਦੌਲਤ ਬੇਸ਼ੁਮਾਰ ਹੈ॥
ਵੇਖੋਂ ਤੇ ਫੇਰ ਹੁਣ ਸੋਚੋ ਵੀਰੋ ਭੈਣੋ ਅੱਗੇ ਕਰਨੀ ਵਿਚਾਰ ਹੈ-
ਦੀਨ ਇਮਾਨ ਮਰੇ ਤੇ ਬੇਈਮਾਨ ਨੇ ਪਾਈ ਮਾਰੋਮਾਰ ਹੈ।
ਸੋਚ ਕੇ ਪਾਇਓ ਤੁਹਾਡਾ ਬੇਸ਼ਕੀਮਤੀ ਵੋਟ ਹੈ-
ਇਕ ਇਕ ਵੋਟ ਦੇ ਤੁੱਲ ਅਰਬ ਖਰਬ ਦਾ ਨੋਟ ਹੈ॥

ਰਣਜੀਤ ਕੌਰ ਗੁੱਡੀ ਤਰਨ ਤਾਰਨ

## ਸਵੇਰ ਸੁਨੇਹਾ



ਸ਼ਬਦ ਮੁੱਦੇ ਬਾਰੇ ਸੋਚ ਰਿਹਾ ਸੀ ਕਿ ਇਹ ਸਰਕਾਰੀ ਕੁਰਸੀ ਤੋਂ ਦੂਰ ਨੱਠ ਕੇ ਵਿਰੋਧੀ ਧਿਰ ਕੋਲ ਕਿਵੇਂ ਚਲਿਆ ਜਾਂਦਾ ਹੈ। ਮੈਂ ਬਚਪਨ ਤੋਂ ਹੀ ਦੇਖਦਾ ਆ ਰਿਹਾ ਹਾਂ ਕਿ,ਦਰਿਆਈ ਪਾਣੀ, ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ। ਕਿੰਨੀਆਂ ਸਰਕਾਰਾਂ ਆਈਆਂ ਕਿੰਨੀਆਂ ਗਈਆਂ ਮਸਲੇ ਹੱਲ ਨਹੀਂ ਹੋਏ ਪੂੰਛੂ ਉੱਠਦੇ ਰਹੇ ਹਨ ਤੇ ਬਰਕਰਾਰ ਵੀ ਰਹਿਣਗੇ। ਜਿਵੇਂ ਪਰਸੋਂ ਸ਼ਿਕਾਗੋ ਦੇ ਮਜ਼ਦੂਰਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇਜ਼ਲਾਸ ਸੱਦਿਆ। ਇੱਕ ਹੋਰ ਮੁੱਦਾ ਨਿਕਲ ਆਇਆ ਅਗਲੀਆਂ ਚੋਣਾਂ ਲਈ।

ਗੁਰਮੀਤ ਸਿੰਘ ਸਿੱਧੂ ਫਰੀਦਕੋਟ।
8146593089

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਬਿਮਾਰੀ....**
ਪਤਾ ਲੱਗਣ 'ਤੇ ਵੀ ਗਲਤੀ ਨਾ ਸਵੀਕਾਰਨਾ ਮਨੋਵਿਗਿਆਨਕ ਬਿਮਾਰੀ ਹੀ ਹੁੰਦੀ ਹੈ। ਸੁਧਾਰ ਨਾ ਕਰੋ ਤਾਂ ਬਿਮਾਰੀ ਵਿਰਾਟ ਰੂਪ ਧਾਰ ਲੈਂਦੀ ਹੈ॥ ਇਲਾਜ ਦੌਰਾਨ ਪ੍ਰਹੇਜ਼ ਨਾ ਰੱਖਣਾ। ਖੁੱਦ ਅੰਦਰਲੀ ਤਾਕਤ ਵਕਤ ਸਿਰ ਨਾ ਵਰਤਣਾ। ਬਿਮਾਰ ਮਾਨਸਿਕਤਾ ਦੇ ਕਾਰਨ ਹੀ ਹੁੰਦੈ ॥ ਸਹੀਤੇ ਸਾਦਾ ਖਾਣਾ, ਵਕਤ ਸਿਰ ਅਤੇ ਲੋੜ ਮੁਤਾਬਕ ਖਾਓ। ਕਸਰਤ ਲਗਾਤਾਰ ਕਰੋ। ਸੁਵੱਖਤੇ ਉੱਠਣ ਦੀ ਆਦਤ ਪਾਓ। ਕੋਈ ਬਿਮਾਰੀ ਨੀ ਘੇਰ ਸਕਦੀ॥

**ਲਹਿਰੀ...**
ਸਬਰ ਸੰਤੋਖੀ, ਸੰਤੁਸ਼ਟ , ਚਾਵਾਂ ਨਾਲ ਭਰੀ ਜ਼ਿੰਦਗੀ ਲਹਿਰੀ ਛਾਪ ਛੱਡਦੀ ਹੀ ਰਹਿੰਦੀ ਹੈ॥ ਲਹਿਰੀ ਬੰਦਾ ਮੁਹੱਬਤ ਦਾ ਮੁਜੱਸਮਾਂ , ਮਹਿਕਾਂ ਖਿਲਾਰਦਾ ਅਤੇ ਹਰ ਕਦਮ ਨਵੇਂ ਦਿਸਹੱਦਿਆਂ ਦੀ ਭਾਲ 'ਚ ਗਲਤਾਨ ਰਹਿੰਦੈ॥ ਲਹਿਰੀ ਬੰਦੇ ਦੀ ਸੰਗਤ ਬਹੁਪਸੰਦੀ ਰਹਿੰਦੀ ਹੈ। ਖੁੱਦ ਔਖਾ ਹੋ ਕੇ ਵੀ ਦੁੱਜਿਆਂ ਦਾ ਮਨੋਰੰਜਣ ਕਰਨਾ ਉਹ ਆਪਣਾ ਧਰਮ ਸਮਝਦੈ॥


-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

# " ਵਿਦੇਸ਼ੀ ਲਾਲਸਾ ਦਾ ਅਧਿਐਨ ਕਰਦਾ ਕਹਾਣੀ ਸੰਗ੍ਰਹਿ - ਰੱਬ ਖ਼ੈਰ ਕਰੇ"

**ਮਨੁੱਖਾ ਜਨਮ ਵਿੱਚ ਨਿੱਤ ਪ੍ਰਤੀ ਵਾਪਰਦੀਆਂ ਘਟਨਾਵਾਂ ਅਕਸਰ ਕਹਾਣੀਆਂ ਦਾ ਰੂਪ ਲੈ ਲੈਂਦੀਆਂ ਹਨ।**






ਪੁਸਤਕ ਦਾ ਨਾਂ - ਰੱਬ ਖ਼ੈਰ ਕਰੇ (ਕਹਾਣੀ ਸੰਗ੍ਰਹਿ)
ਕਹਾਣੀਕਾਰ - ਜੋਰਾਵਰ
ਪੰਨੇ - 104 ਕੀਮਤ - 250/- ਰੁਪਏ
ਪ੍ਰਕਾਸ਼ਕ - ਨੈਸ਼ਨਲ ਬੁੱਕ ਸ਼ਾਪ, ਦਿੱਲੀ।
ਰਿਵਿਊਕਾਰ - ਤੇਜਿੰਦਰ ਚੰਡਿਹੋਕ

ਮਨੁੱਖਾ ਜਨਮ ਵਿੱਚ ਨਿੱਤ ਪ੍ਰਤੀ ਵਾਪਰਦੀਆਂ ਘਟਨਾਵਾਂ ਅਕਸਰ ਕਹਾਣੀਆਂ ਦਾ ਰੂਪ ਲੈ ਲੈਂਦੀਆਂ ਹਨ। ਗੱਲ ਕੇਵਲ ਸੰਵੇਦਨਸ਼ੀਲ ਹੋਣ ਦੀ ਹੈ। ਆਮ ਆਦਮੀ ਲਈ ਇਹ ਸਿਰਫ ਘਟਨਾਵਾਂ ਹੀ ਰਹਿੰਦੀਆਂ ਹਨ ਜਿਹੜੀਆਂ ਕੁਝ ਸਮੇਂ ਬਾਅਦ ਭੁੱਲ ਜਾਂਦੀਆਂ ਹਨ ਪਰ ਸੰਵੇਦਨਸ਼ੀਲ ਵਿਅਕਤੀ ਨੂੰ ਇਹ ਕਚੋਟਦੀਆਂ ਰਹਿੰਦੀਆਂ ਹਨ ਤੇ ਫਿਰ ਕਾਗਜ਼ ਤੇ ਉਤਾਰ ਕੇ ਸਮਾਜ ਤੱਕ ਪਹੁੰਚਦਾ ਕਰਦਾ ਹੈ।

ਪ੍ਰਵਾਸੀ ਕਹਾਣੀਕਾਰ ਜੋਰਾਵਰ ਦੀ ਹਥਲੀ ਪੁਸਤਕ " ਰੱਬ ਖ਼ੈਰ ਕਰੇ" ਉਸਦਾ ਤੀਜਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਯਾਰਾਂ ਛੋਟੀਆਂ ਵੱਡੀਆਂ ਕਹਾਣੀਆਂ ਦਰਜ ਹਨ। ਇਹ ਪੁਸਤਕ ਕਰੀਬ ਦਸ ਸਾਲ ਦੇ ਅੰਤਰਾਲ ਤੋਂ ਬਾਅਦ ਪਾਠਕਾਂ ਤਕ ਪਹੁੰਚੀ ਹੈ। ਇਸ ਤੋਂ ਪਹਿਲਾਂ ਤਰੇੜਾਂ 2011 ਅਤੇ ਸੁਪਨੇ ਸੱਚ ਹੋਣਗੇ 2014 ਵਿਚ ਦੋ ਕਹਾਣੀ ਸੰਗ੍ਰਹਿ ਆ ਚੁੱਕੇ ਹਨ। ਪੁਸਤਕ ਉਹਨਾਂ ਲੋਕਾਂ ਨੂੰ ਸਮਰਪਿਤ ਕੀਤੀ ਹੈ ਜਿਹੜੇ ਆਪਣੀ ਮੰਜਿਲ ਅਤੇ ਸੁੱਖ ਪ੍ਰਾਪਤੀ ਲਈ ਯਤਨਸ਼ੀਲ ਹਨ। ਪੁਸਤਕ ਦੀ ਸਿਰਲੇਖਤ ਕਹਾਣੀ ਸਤਵੇਂ ਸਥਾਨ ਤੇ ਸ਼ਾਮਲ ਹੈ।

ਪੁਸਤਕ ਪੜ੍ਹਦਿਆਂ ਉਸ ਦੀਆਂ ਕਹਾਣੀਆਂ ਵਿਚ ਸਮਾਜਿਕ ਸਰੋਕਾਰ, ਆਰਥਿਕ ਹਾਲਤ, ਮਜਬੂਰੀ, ਨਿਰਾਸ਼ਾਵਾਦ, ਹਾਦਸੇ ਅਤੇ ਠੱਗੀ ਠੋਰੀ ਆਦਿ ਦਿਖਾਈ ਦਿੰਦੇ ਹਨ।

ਸਿਰਲੇਖਤ ਕਹਾਣੀ ਰੱਬ ਖ਼ੈਰ ਕਰੇ ਉਸ ਮੱਧਵਰਗੀ ਕਿਸਾਨ ਦੀ ਵਿਥਿਆ ਪੇਸ਼ ਕਰਦੀ ਹੈ ਜਿਸ ਦਾ ਪਿਓ ਆਰਥਿਕ ਤੰਗੀ ਕਾਰਨ ਫਾਹਾ ਲੈ ਕੇ ਮਰ ਜਾਂਦਾ ਹੈ ਅਤੇ ਮੁੰਡਾ ਬਾਹਰ ਨਾ ਜਾ ਸਕਣ ਕਾਰਨ ਨਸ਼ੇੜੀ ਹੋ ਕੇ ਆਪਣੇ ਖੇਤਾਂ ਵਿੱਚ ਹੀ ਫਸਲ ਦੀ ਕਟਾਈ ਦੌਰਾਨ ਕੰਬਾਈਨ ਨਾਲ ਕਟਿਆ ਜਾਂਦਾ ਹੈ। ਇਸ ਕਹਾਣੀ ਦਾ ਮੁੱਖ ਪਾਤਰ ਜਗੀਰ ਸਿੰਘ ਇਸ ਤ੍ਰਾਸਦੀ ਦਾ ਸ਼ਿਕਾਰ ਬਣਦਾ ਹੈ। ਕਹਾਣੀ ਖਾਲੀ ਹੱਥ ਉਸ ਮੁਟਿਆਰ ਦਾ ਬਿਰਤਾਂਤ ਸਿਰਜਦੀ ਹੈ ਜਿਹੜੀ ਆਪਣੇ ਸੁਪਨੇ, ਅਰਮਾਨਾਂ ਨੂੰ ਕੁਚਲ ਕੇ ਸੁੱਖ ਭਾਲਦੀ ਹੈ ਪਰ ਬਿਨਾਂ ਕਿਸਮਤ ਸੁੱਖ ਕਿਸੇ ਨੂੰ ਨਸੀਬ ਨਹੀਂ ਹੁੰਦਾ। ਕਹਾਣੀ ਵਿਚ ਨਾਇਕਾ ਸਤਿਕਾਰ ਆਪਣੀਆਂ ਇੱਛਾਵਾਂ ਨੂੰ ਦਬ ਕੇ ਆਪਣੀ ਭੈਣ ਜਿਸ ਦੇ ਦੋ ਬੱਚੇ ਹਨ ਅਤੇ ਵਿਦੇਸ਼ ਰਹਿੰਦੀ ਹੈ, ਦੀ ਮੌਤ ਤੋਂ ਬਾਅਦ ਘਰ ਵਾਲਿਆਂ ਦੇ ਆਖੇ ਲੱਗ ਕੇ, ਆਪਣੇ ਸੁਪਨੇ ਰੋਲ ਕੇ ਆਪਣੇ ਜੀਜੇ ਕਰਤਾਰ ਨਾਲ ਵਿਆਹ ਤਾਂ ਕਰਵਾ ਲੈਂਦੀ ਹੈ ਭਾਵੇਂ ਉਹ ਪਿੰਡ ਦੇ ਜਗਤਾਰ ਨਾਮੀ ਲੜਕੇ ਨੂੰ ਚਾਹੁੰਦੀ ਹੈ। ਉਸ ਦੇ ਆਪਣਾ ਬੱਚਾ ਪੈਦਾ ਕਰਨ ਦੀ ਇੱਛਾ ਵਿਚੇ ਰਹਿ ਜਾਂਦੀ ਹੈ। ਮੱਧਵਰਗ ਪਰਿਵਾਰਾਂ ਦੀ ਇਹ ਸਮੱਸਿਆ ਹੈ ਕਿ ਉਹ ਆਪਣੇ ਬੱਚਿਆਂ ਲਈ ਚਿੰਤਾਤੁਰ ਰਹਿੰਦੇ ਹਨ। ਬਿਮਾਰੀ ਦੀ ਹਾਲਤ ਵਿੱਚ ਮਨੁੱਖ ਜਾਂ ਤਾਂ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਮੌਤ ਦੀ ਆਸ ਰਖਦਾ ਹੈ ਜਾਂ ਭੂਤਕਾਲ ਵਿੱਚ ਗਵਾਚ ਜਾਂਦਾ ਹੈ। ਇਵੇਂ ਹੀ ਨਾਇਕਾ ਬਿਮਾਰ ਹੋਣ ਤੇ ਨਿਰਾਸ਼ਾਵਾਦੀ ਹੋ ਜਾਂਦੀ ਹੈ।

ਅਗਲੀ ਕਹਾਣੀ ਪਤਾ ਨਹੀਂ ਵਿੱਚ ਸਜਾ ਦੇਣ ਨਾਲੋਂ ਮਾਫ਼ ਕਰਨਾ ਵੱਡਾ ਦਿਖਿਆ ਗਿਆ ਹੈ ਅਤੇ ਨਾਲ ਹੀ ਇਮਾਨਦਾਰੀ ਨਾਲ ਗੁਨਾਹ ਸਵੀਕਾਰ ਕਰਨਾ। ਕਹਾਣੀ ਕਿਰਤ ਦੀ ਲੁੱਟ ਕਿਸੇ ਗਰੀਬ ਕਾਮੇ ਦੇ ਕੰਮ ਦਾ ਨਜਾਇਜ ਫਾਇਦਾ ਲੈਣ ਦੀ ਗੱਲ ਕਰਦੀ ਹੈ। ਪਾਤਰ ਅਰਜੁਨ ਵਲੋ ਆਪਣੇ ਪਿਓ ਦਾਦੇ ਦੇ ਵਤੀਰੇ ਬਾਰੇ ਜਾਣਕਾਰੀ ਅਤੇ ਬਾਪੂ ਨੂੰ ਮੇਹਨਤਾਨਾ ਨਾ ਮਿਲਣ ਦੀਆਂ ਯਾਦਾਂ ਵਿਚ ਉਲਝੇ ਰਹਿਣਾ, ਨੌਕਰੀ ਦਾ ਛੁੱਟ ਜਾਣਾ ਅਤੇ ਪੈਸੇ ਵੀ ਨਾ ਮਿਲਣਾ। ਨਾਲ ਹੀ ਪਾਤਰ ਸਰਦਾਰ ਜੀ ਦੀ ਕਹਿਣੀ ਤੇ ਕਥਨੀ ਵਿਚ ਫਰਕ ਦਸਦੀ ਹੈ ਕਹਾਣੀ। ਅਗਲੀ ਕਹਾਣੀ ਸਿਰਫ਼ ਇੱਕ ਪਲ ਦੀ ਨਾਇਕਾ ਜੀਵਨਜੋਤ ਦੀ ਵਿਦੇਸ਼ ਦੀ ਤ੍ਰਾਸਦੀ ਦੂਜੀ ਪਾਤਰ ਕਮਲ ਦੇ ਆਤਮ ਹੱਤਿਆ ਦੇ ਸੰਧਰਭ ਵਿੱਚ ਬਿਆਨ ਕਰਦੀ ਹੈ। ਲੋੜ ਅਨੁਸਾਰ ਬਦਲਦੇ ਸਮੇਂ ਦੀ ਗੱਲ ਕਰਦੀ ਹੈ। ਕਿਸੇ ਸਮੇਂ ਕੁੜੀਆਂ ਨੂੰ ਘਰ ਅੰਦਰ ਹੀ ਰੱਖਿਆ ਜਾਂਦਾ, ਪੜ੍ਹਨ ਲਈ ਵੀ ਨਾ ਭੇਜਿਆ ਜਾਂਦਾ ਪਰ ਹੁਣ ਆਪਣੇ ਲਾਲਚ ਵੱਸ ਆਈਲੈਟਸ ਕਰਵਾ ਕੇ ਵਿਦੇਸ਼ ਭੇਜਣਾ। ਵਿਦੇਸ਼ਾਂ ਵਿਚ ਕੁੜੀਆਂ ਨਾਲ ਹੁੰਦੇ ਸੋਸ਼ਣ, ਨੌਜਵਾਨ ਜੁਗਰਾਜ ਵਰਗੇ ਆਪਣੇ ਮਿੱਤਰਾਂ ਨਾਲ ਕਰਦੇ ਨਸ਼ੇ, ਹਵਸ਼ ਦੀ ਭਰਮਾਰ ਹੁੰਦੀ ਬਾਹਰਲੇ ਮੁਲਕਾਂ ਵਿੱਚ ਦੱਸਦੀ ਹੈ। ਨਾਇਕਾ ਦਾ ਸੋਸ਼ਣ ਕਰਕੇ ਆਪਣੀ ਮੌਤ ਨੂੰ ਗਲੇ ਲਾਉਣ ਤੇ ਅੰਮ੍ਰਿਤ ਕੌਰ ਦਾ ਬਚਾਉਣਾ ਉਸ ਨੂੰ ਜਿੰਦਗੀ ਤੇ ਮੌਤ ਵਿਚ ਸਿਰਫ਼ ਇੱਕ ਪਲ ਦਾ ਫਾਸਲਾ ਲਗਦਾ ਹੈ। ਕਹਾਣੀ ਵਿਚ ਸਪੱਸ਼ਟ ਰੂਪ ਵਿਚ ਕਮਲ ਦੇ ਆਤਮ ਹੱਤਿਆ ਦਾ ਕਾਰਨ ਨਹੀਂ ਦੱਸਿਆ ਗਿਆ।

ਕਹਾਣੀ ਕੈਨੇਡਾ ਵਾਲੀ ਭੂਆ ਵਿਦੇਸ਼ ਗਈਆਂ ਕੁੜੀਆਂ ਦੀ ਤ੍ਰਾਸਦੀ ਨੂੰ ਪੇਸ਼ ਕਰਦੀਆਂ ਹਨ। ਸਿੰਮੀ ਦੇ ਪਿਓ ਨੂੰ ਆਪਣੀ ਭੈਣ ਦੀ ਹਾਲਾਤ ਦਾ ਪਤਾ ਹੁੰਦਿਆਂ ਵੀ ਇਸ ਦਾ ਦੁਹਾਜੂ ਨਾਲ ਵਿਆਹ ਕਰਕੇ ਕੈਨੇਡਾ ਭੇਜਣਾ, ਅਚੰਭਿਤ ਜਾਪਦਾ ਹੈ। ਕੈਨੇਡਾ ਵਾਲੀ ਭੂਆ ਆਪਣੇ ਪਤੀ ਦੇ ਕਹਿਣ ਤੇ ਆਪਣੇ ਭਰਾਵਾਂ ਤੋਂ ਜਾਇਦਾਦ ਵਿੱਚੋ ਹਿੱਸਾ ਲੈਣ ਆਉਂਦੀ ਹੈ ਪਰ ਵਾਪਸ ਕੈਨੇਡਾ ਨਾ ਜਾ ਕੇ ਕਿਧਰ ਟੁਰ ਗਈ, ਖੁਲਾਸਾ ਨਹੀਂ ਕੀਤਾ। ਕਹਾਣੀ ਸੇਵਾਦਾਰ ਵਿੱਚ ਕਾਲ਼ੇ ਦੌਰ ਦਾ ਜਿਕਰ ਕੀਤਾ ਗਿਆ ਹੈ ਪਰ ਢੀਂਡਸਾ ਸਾਬ੍ਹ ਦੀ ਸਥਿਤੀ ਸਪਸ਼ਟ ਨਹੀਂ ਹੋਈ। ਪੁਸਤਕ ਦੀ ਕਹਾਣੀ ਫਿਰ ਗੱਲ ਬਣ ਗਈ ਦਾ ਮੁੱਖ ਪਾਤਰ ਗੁਰਸੇਵਕ ਸਿੰਘ ਇਕ ਗਰੋਸਰੀ ਸਟੋਰ ਦਾ ਮਾਲਕ ਹੈ ਪਰ ਜੁਗਾੜ੍ਹੀ, ਠੱਗ ਅਤੇ ਕਬੂਤਰਬਾਜ਼ ਬੰਦਾ ਹੈ ਜਿਹੜਾ ਆਪਣੀ ਆਮਦਨ ਵਧਾਉਣ ਲਈ ਜੁਗਾੜ ਲਗਾਉਂਦਾ, ਠੱਗੀਆਂ ਮਾਰਦਾ ਅਤੇ ਕਬੂਤਰਬਾਜ਼ੀ ਕਰਦਾ ਹੈ। ਆਪਣੇ ਕਾਮਿਆਂ ਤੋਂ ਪੈਸੇ ਲੈਕੇ ਉਹਨਾਂ ਉਪਰ ਹੀ ਖਰਚ ਕਰਦਾ ਹੈ। ਜਿਵੇਂ ਇਕ ਕਹਾਵਤ ਹੈ ਸਾਡਾ ਸਿਰ ਤੇ ਸਾਡੀਆਂ ਜੁਤੀਆਂ। ਗੁਰਦੁਆਰੇ ਦੇ ਪ੍ਰਧਾਨ ਨਾਲ ਗੰਢ ਸੰਢ ਕਰਕੇ ਪੰਜਾਬ ਵਿੱਚ ਆਏ ਹੜ੍ਹਾਂ ਦੀ ਆੜ ਵਿੱਚ ਪੈਸਾ ਠੱਗਣਾ ਚਾਹੁੰਦਾ ਹੈਂ।

ਕਹਾਣੀ ਦਸਵੰਧ ਦਾ ਪਾਤਰ ਇਕ ਗਰੀਬ ਦੀ ਮਦਦ ਲਈ ਕਮਾਈ ਵਿੱਚੋਂ ਦਸਵੰਧ ਤਾਂ ਦਿੰਦਾ ਹੈ ਪਰ ਇਹ ਨਹੀਂ ਜਾਣਦਾ ਕਿ ਮਾਰੇ ਗਏ ਕਾਮੇ ਕਰਮੇ ਦਾ ਮੁੰਡਾ ਨਸ਼ਾ ਅਤੇ ਲੁੱਟ ਮਾਰ ਕਰਦਾ ਹੈ ਅਤੇ ਉਸ ਦੀ ਘਰਵਾਲੀ ਦਾਨ ਪੁੰਨ ਦੇ ਨਾਂ ਤੇ ਲੋਕਾਂ ਨੂੰ ਲੁਟਦੀ ਹੈ। ਪਾਤਰ ਦਾ ਕਰਮੇਂ ਦੇ ਮੁੰਡੇ ਹਥੋ ਜਖਮੀ ਹੋਣ ਤੇ ਹੀ ਪਤਾ ਲਗਦਾ ਹੈ। ਅਗਲੀ ਕਹਾਣੀ ਖ਼ਬਰ ਦਾ ਪਾਤਰ ਪੱਤਰਕਾਰ ਸੁਰਿੰਦਰ ਸੋਨੀ ਦੀ ਮੌਤ ਵਾਪਰ ਰਹੇ ਹਾਦਸਿਆਂ ਦੀ ਤ੍ਰਾਸਦੀ ਬਿਆਨ ਕਰਦੀ ਹੈ। ਪੁਸਤਕ ਦੀ ਆਖਰੀ ਕਹਾਣੀ ਨਿੱਕੀ ਜਿਹੀ ਗੱਲ ਜਿੰਦਗੀ ਵਿਚੋਂ ਪ੍ਰੇਸ਼ਾਨੀਆਂ ਨੂੰ ਦੂਰ ਕਰਕੇ ਵਰਤਮਾਨ ਸਮੇਂ ਦਾ ਲਾਭ ਲੈਣ ਦੀ ਗੱਲ ਕਰਦੀ ਹੈ।

ਪੁਸਤਕ ਵਿਚ ਸਮੁੱਚੇ ਪਰਵਾਸ ਦੇ ਹਾਲਾਤਾਂ ਦਾ ਬਿਰਤਾਂਤ ਸਿਰਜਿਆ ਗਿਆ ਹੈ। ਜਿਵੇਂ ਆਖਦੇ ਹਨ ਕਿ ਦੂਰ ਦੇ ਢੋਲ ਸੁਹਾਵਣੇ ਹੁੰਦੇ ਹਨ ਵਾਂਗ ਦੇਸ ਵਾਸੀਆਂ ਨੂੰ ਲਗਦਾ ਹੈ ਕਿ ਵਿਦੇਸ਼ ਵਿਚ ਮੌਜਾਂ ਹਨ ਪਰ ਉਥੋਂ ਦੀਆਂ ਮੁਸ਼ਕਲਾਂ, ਤੰਗੀਆਂ ਅਤੇ ਨਿਰਭਾਅ ਦਾ ਗਿਆਨ ਉਥੇ ਗਏ ਵਿਅਕਤੀਆਂ ਨੂੰ ਹੀ ਪਤਾ ਲਗਦਾ ਹੈ। ਕਹਾਣੀਆਂ ਵਿਚ ਕਈ ਪਾਤਰਾਂ ਦੇ ਨਾਮ ਇਕੋ ਜਿਹੇ ਹਨ ਜਿਵੇਂ ਜੇਸਨ ਅਤੇ ਅਰਜੁਨ ਕਈ ਕਹਾਣੀਆਂ ਵਿਚ ਆਏ ਹਨ। ਲੇਖਕ ਕੈਨੇਡਾ ਵਾਸੀ ਹੋਣ ਕਰਕੇ ਕਹਾਣੀਆਂ ਵਿਚ ਅੰਗਰੇਜ਼ੀ ਸ਼ਬਦ ਅਤੇ ਵਾਕਾਂ ਦੀ ਵਰਤੋਂ ਸੁਭਾਵਿਕ ਹੀ ਹੈ। ਕਹਾਣੀਕਾਰ ਨੇ ਉਥੋਂ ਦੀਆਂ ਇਹਨਾਂ ਸਥਿਤੀਆਂ ਬਾਰੇ ਜਿਕਰ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

# ਭਾਗ- 1 ਪਿਆਸ ਤੇ ਖਾਰਾ ਸਮੁੰਦਰ




ਇਹ ਕਹਾਣੀ ਕੋਈ ਆਮ ਕਹਾਣੀਆਂ ਵਰਗੀ ਨਹੀਂ ਹੈ, ਇਹ ਇੱਕ ਸਾਰ ਹੈ ਹਜ਼ਾਰਾਂ ਹੀ ਜ਼ਿੰਦਗੀਆਂ ਦਾ ਜਿਸ ਚ ਮੁੱਖ ਪਾਤਰ ਵਿਕਰਮ ਭਾਵੇਂ ਇੱਕ ਹੀ ਹੈ ਪਰ ਉਹ ਵੀ ਸੈਂਕੜੇ ਸ਼ਖ਼ਸ਼ੀਅਤਾਂ ਦਾ ਕੁੱਲ ਜੋੜ ਹੈ, ਉਹਦੇ ਨਾਲ ਇਸ ਕਹਾਣੀ ਦੇ ਵੱਖੋ ਵੱਖ ਭਾਗਾਂ ਵਿੱਚ ਜੁੜਨ ਵਾਲਿਆਂ ਔਰਤਾਂ ਭਾਵੇਂ ਗਿਣਤੀ ਵਿੱਚ ਥੋੜ੍ਹੀਆਂ ਹਨ ਪਰ ਅਸਲ ਵਿੱਚ ਉਹਨਾਂ ਦੀ ਕੁੱਲ ਗਿਣਤੀ ਅਣਗਿਣਤ ਹੈ, ਇਹ ਕਹਾਣੀ ਭਾਰਤ ਵਿੱਚ ਪਿਛਲੇ ਕੁਝ ਸਾਲਾਂ ਚ ਵਾਪਰੀਆਂ ਘਟਨਾਵਾਂ ਦਾ ਜੋੜ ਹੈ ਜਿਹੜੀਆਂ ਪੁਲਿਸ ਰਾਂਹੀ, ਕੋਰਟ ਰਾਂਹੀ ਸੋਸ਼ਲ ਮੀਡੀਆ ਰਾਂਹੀ ਉਜਾਗਰ ਹੋਈਆਂ ਹਨ। ਇਹਨਾਂ ਵਿੱਚ ਕੁਝ ਮੁੱਖ ਤੱਤ ਹਨ ਜਿਹੜੇ ਵਿਕਰਮ ਵਰਗੇ ਪਾਤਰ ਵਾਰ ਵਾਰ ਵਰਤਦੇ ਹਨ ਥੋੜ੍ਹੇ ਬਹੁਤ ਬਦਲਾਅ ਨਾਲ। ਉਹਨਾਂ ਵਿੱਚੋ ਕਈਆਂ ਨੇ ਵਿਕਰਮ ਤੋਂ ਅੱਗੇ ਜਾ ਕੇ ਕਈ ਕਈ ਵਿਆਹ ਵੀ ਕਰਵਾਏ ਤੇ ਫੜ੍ਹਨ ਵੇਲੇ ਮੁਸ਼ਕਿਲ ਵੀ ਆਈ। ਜਦੋਂ ਇਹਨਾਂ ਘਟਨਾਵਾਂ ਨੂੰ ਤੁਸੀਂ ਨੇੜੇ ਤੋਂ ਪੜ੍ਹਦੇ ਹੋ ਬਰੀਕੀ ਨਾਲ ਜਾਂਚ ਕਰਦੇ ਹੋ ਤਾਂ ਉਹਨਾਂ ਵਿੱਚ ਕਈ ਸਾਂਝਾ ਹਨ, ਕਿ ਕਿਵੇਂ ਕਿਉਂ ਸਮਾਜ ਚ ਬੇਹੱਦ ਸਮਝਦਾਰੀ ਭਰੇ ਅਹੁਦਿਆਂ ਤੇ ਨੌਕਰੀਆਂ ਤੇ ਬਿਰਾਜ਼ਮਾਨ ਔਰਤਾਂ ਵੀ ਉਸੇ ਜਾਲ੍ਹ ਚ ਫੱਸ ਜਾਂਦੀਆਂ ਹਨ ਜਿਥੋਂ ਉਹਨਾਂ ਲਈ ਨਿੱਕਲਣ ਲੱਗੇ ਚੁੱਪ ਰਹਿਣਾ , ਉਹਨੂੰ ਕਿਸਮਤ ਮੰਨ ਲੈਣਾ ਤੇ ਧੋਖਾ ਜ਼ਰ ਜਾਣਾ ਹੀ ਇੱਕੋ ਇੱਕ ਰਾਹ ਬਚਦਾ ਹੈ ਜਦੋਂ ਤੱਕ ਕੋਈ ਇੱਕ ਔਰਤ ਹਿੰਮਤ ਕਰਕੇ ਸਾਹਮਣੇ ਨਹੀਂ ਆਉਂਦੀ ਤੇ ਉਦੋਂ ਸ਼ਿਕਾਰੀ ਖੁਦ ਸ਼ਿਕਾਰ ਹੋ ਜਾਂਦਾ ਹੈ....

ਕਹਾਣੀ ਨੂੰ ਲੜੀਵਾਰ ਪ੍ਰੋਣ ਲਈ ਇਸ ਵਿੱਚ ਕਰੀਬ 10 ਸਾਲਾਂ ਦਾ ਟਾਇਮ ਪੀਰੀਅਡ ਚੁਣਿਆ ਹੈ।

( ਕਹਾਣੀ ਦੇ ਕਈ ਦ੍ਰਿਸ਼ ਤੇ ਬਿਰਤਾਂਤ ਤੁਹਾਨੂੰ ਪ੍ਰੇਸ਼ਾਨ ਕਰ ਸਕਦੇ ਹਨ ਇਸ ਲਈ ਆਪਣੀ ਜ਼ਿੰਮੇਵਾਰੀ ਤੇ ਪੜ੍ਹੋ )

ਪਹਿਲੀ ਕਹਾਣੀ ....ਅਮਨ, " ਰੁਮਾਂਸਵਾਦੀ " ਕੁੜੀ

ਸਥਾਨ: ਚੰਡੀਗੜ੍ਹ , 2014-15

ਪਿੰਡੋਂ ਨਿੱਕਲਣ ਲੱਗੇ ਉਹਦੇ ਅੰਦਰ ਜਿਹੜਾ ਦਰਦ ਸੀ ਜਿਹੜੀ ਟੀਸ ਚ ਉਹ ਹਾਲੇ ਨਿੱਕਲੀ ਨਹੀਂ ਸੀ, ਮੁੜ ਮੁੜ ਕੇ ਉਹਦੇ ਮਨ ਵਿੱਚੋ ਉਹ ਖਿਆਲ ਗੁਜ਼ਰਦੇ, ਕਿੰਨੀ ਵਾਰ ਉਹ ਉਹ ਦ੍ਰਿਸ਼ ਉਹਦੀਆਂ ਅੱਖਾਂ ਅੱਗੇ ਘੁੰਮਦੇ, ਜਿਹਨਾਂ ਵਿੱਚ ਅਜੇ ਵੀ ਦਰਦ ਸੀ, ਇਹਨਾਂ ਨੂੰ ਸਹਾਰਾ ਦਿੰਦੀ ਸੀ ਸਿਰਫ ਉਹਦੀ ਡਾਇਰੀ ਜਿਸ ਉੱਤੇ ਉਹਨੇ ਕੁਝ ਸਬਕ ਨੋਟ ਕੀਤੇ ਸੀ,ਉਹ ਹਰ ਹੀਲੇ ਉਹਨਾਂ ਸਬਕਾਂ ਨੂੰ ਆਪਣੀ ਜ਼ਿੰਦਗੀ ਚ ਉਤਾਰਨਾ ਚਾਹੁੰਦਾ ਸੀ ਤੇ ਇਸਤੋਂ ਵੀ ਅੱਗੇ ਹੋਰ ਬਹੁਤ ਕੁਝ ਸਿੱਖਣਾ ਚਾਹੁੰਦਾ ਸੀ। ਉਹਦੀ ਅੰਗਰੇਜ਼ੀ ਦੀ ਸਮਝ ਚੰਗੀ ਸੀ ਤੇ ਇਹਨੀ ਦਿਨੀਂ ਹਲੇ ਚੰਡੀਗੜ੍ਹ ਚ ਬੀਪਿਓ ਦਾ ਕੰਮ ਠੀਕ ਠੀਕ ਚੱਲ ਰਿਹਾ ਸੀ। ਵਿਕਰਮ ਸੈਕਟਰ 36 ਦੇ ਇੱਕ ਪੇਇੰਗ ਗੈਸਟ 'ਚ ਰਹਿੰਦਾ — ਤਿੰਨ ਮੁੰਡੇ ਇੱਕੋ ਇੱਕ ਇੰਡੀਪੈਨਡੇਂਟ ਸੈਂਟ ਵਿੱਚ, 'ਚ, ਰਾਤੀਂ ਉਹ ਕਾਲ ਸੈਂਟਰ 'ਚ ਕੰਮ ਕਰਦਾ — ਅਮਰੀਕੀ ਗਾਹਕਾਂ ਨੂੰ ਦੀਆਂ ਸਮੱਸਿਆਵਾਂ ਸੁਲਝਾਉਣ ਦਾ, ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣਨਾ, ਉਹਨਾਂ ਵਿੱਚੋ ਬਹੁਤੇ ਬੁੱਢੇ ਕਦੇ-ਕਦਾਈਂ ਸੱਠ ਪਾਰ ਦੀ ਔਰਤ ਗਾਹਕ ਨਾਲ ਹਲਕੀ-ਫੁਲਕੀ ਛੇੜਛਾੜ। ਉਹਦੇ ਰੂਮਮੇਟ ਸੀ — ਸੁੱਖੀ ਤੇ ਗੁਰਜੀਤ। ਸਾਰੇ ਸ਼ਹਿਰਾਂ ਵਿਚੋਂ , ਸਾਰੇ ਕਾਲ ਸੈਂਟਰ ਏਜੰਟ, ਸਾਰਿਆਂ ਦੇ ਸੁਪਨੇ ਕਿ ਕਦੇ ਨਾ ਕੋਈ ਚੰਡੀਗੜ੍ਹ ਵਾਲੀ ਗਰਲਫਰੈਂਡ ਬਣੂ, ਕਦੇ ਨਾ ਏ ਸੀ ਵਾਲੀ ਕਾਰ ਲਵਾਂਗੇ। ਗੀਤਾਂ ਨੇ ਚੰਡੀਗੜ੍ਹ ਬਾਰੇ ਛੋਟੇ ਸ਼ਹਿਰ ਤੇ ਪੇਂਡੂ ਮੁੰਡਿਆਂ ਅੰਦਰ ਅਜੀਬ ਸੁਫ਼ਨੇ ਸਿਰਜ ਦਿੱਤੇ ਸਨ।

ਰਾਤੀਂ ਉਹ ਤਾਸ਼ ਖੇਡਦੇ , ਦਿਨੇ ਘੋੜੇ ਵੇਚ ਕੇ ਸੌਂਦੇ, ਸ਼ਾਮੀਂ ਸੈਕਟਰ 17 ਦੇ ਪਲਾਜ਼ਾ 'ਚ ਟਹਿਲਦੇ, ਸੁਖਨਾ ਝੀਲ ਤੇ ਪਾਰਕਾਂ ਚ ਹੱਥਾਂ ਚ ਹੱਥ ਪਾਈ ਘੁੰਮਦੇ ਮੁੰਡੇ ਕੁੜੀਆਂ ਨੂੰ ਦੇਖਦੇ ਤੇ ਕਦੇ ਮੂੰਹ ਹਨੇਰੇ ਵਿੱਚ ਇਸਤੋਂ ਵੀ ਅੱਗੇ ਦੇ ਸੀਨ ਦੇਖਕੇ ਉਹ ਖੁਦ ਹੀ ਸ਼ਰਮਿੰਦਾ ਹੋਕੇ ਅੱਖਾਂ ਘੁਮਾ ਲੈਂਦੇ ਸੀ।

ਵਿਕਰਮ ਵੀ ਉਹਨਾਂ ਨਾਲ ਜਾਂਦਾ, ਪਰ ਉਹ ਕਦੇ ਕਿਸੇ ਕੁੜੀ ਨਾਲ ਗੱਲ ਨਹੀਂ ਸੀ ਕਰ ਪਾਉਂਦਾ। ਉਹ ਓਨ੍ਹਾਂ ਵੱਲ ਤੱਕਦਾ — ਖਿੜਖਿੜਾਉਂਦੀਆਂ, ਕੌਫੀ ਪੀਂਦੀਆਂ, ਆਪਣੇ ਬੁਆਏਫਰੈਂਡ ਨਾਲ ਹੱਸਦੀਆਂ — ਤੇ ਉਹਦਾ ਸਾਹ ਸੁੱਕ ਜਾਂਦਾ।

ਇੱਕ ਵਾਰ ਉਸ ਨੇ ਹੌਸਲਾ ਕਰਕੇ 'ਹਾਏ' ਕਹਿ ਦਿੱਤਾ। ਇੱਕ ਕੁੜੀ ਨੇ ਉਹਦੇ ਵੱਲ ਝਾਕਿਆ, ਉੱਪਰ ਤੋਂ ਥੱਲੇ ਤੱਕ ਉਹਦੇ ਵੱਲ ਤੱਕਿਆ ਤੇ ਸ਼ਾਇਦ ਉਹਦੀ ਹਾਲਾਤ ਵੱਲ ਵੀ।

"ਇੰਟਰੈਸਟਡ ਨਹੀਂ।" ਆਖ ਕੇ ਉਹ ਅੱਗੇ ਨਿੱਕਲ ਗਈ ਸੀ।

ਉਸ ਰਾਤ ਵਿਕਰਮ ਦੀ ਛੁੱਟੀ ਸੀ ਪਰ ਫਿਰ ਵੀ ਉਸ ਨੂੰ ਨੀਂਦ ਨਹੀਂ ਆਈ। ਉਹ ਆਪਣੇ ਮੋਬਾਈਲ 'ਤੇ ਯੂਟਿਊਬ ਵੇਖਦਾ ਰਿਹਾ —

ਫਿਰ ਇੱਕ ਵੀਡੀਓ 'ਤੇ ਨਜ਼ਰ ਪਈ — ਇੱਕ ਗੰਜਾ ਬੰਦਾ, ਸੂਟ ਪਾਈ, ਮੁਸਕਰਾਉਂਦਾ, ਪਿੱਛੇ ਇੱਕ ਔਰਤ ਉਹਦੇ ਵੱਲ ਖਿੱਚੀ ਦਿੱਸ ਰਹੀ ਸੀ।

ਵੀਡੀਓ ਦਾ ਟਾਈਟਲ: "How to Make Any Woman Want You — The Art of Negging"।

ਵਿਕਰਮ ਨੇ ਉਹ ਵੀਡੀਓ ਦੇਖੀ। ਫਿਰ ਦੂਜੀ। ਫਿਰ ਤੀਜੀ। ਤਿੰਨ ਰਾਤਾਂ 'ਚ ਉਸ ਨੇ ਦੋ ਦਰਜਨ ਵੀਡੀਓ ਦੇਖ ਲਈਆਂ — ਸਾਰੀਆਂ ਇੱਕੋ ਵਿਸ਼ੇ ਉੱਤੇ ਦੀਆਂ, ਓਥੋਂ ਉਸਨੇ ਆਪਣੀ ਡਾਇਰੀ ਨੂੰ ਅੱਗੇ ਲਿਖਣਾ ਸ਼ੁਰੂ ਕੀਤਾ ਇੱਕ ਇੱਕ ਸ਼ਬਦ ਲਿਖਿਆ : ਨੈਗਿੰਗ (ਬੈਕਹੈਂਡਡ ਤਾਰੀਫ਼), ਫ੍ਰੇਮ ਕੰਟਰੋਲ (ਗੱਲ-ਬਾਤ ਦੀ ਡੋਰ ਆਪਣੇ ਹੱਥ ਰੱਖਣੀ), DHV (ਡੈਮੌਂਸਟਰੇਟਿਡ ਹਾਈ ਵੈਲਯੂ — ਭਾਵ ਇਹ ਦਿਖਾਉਣਾ ਕਿ ਅਮੀਰ ਹੈ, ਪਰ ਸ਼ੋਅ ਆਫ ਨਹੀਂ ਕਰਨਾ ਨਹੀਂ), IOI (ਇੰਡੀਕੇਟਰ ਆਫ ਇੰਟਰੈਸਟ — ਭਾਵ ਉਹ ਇਸ਼ਾਰੇ ਜੋ ਦੱਸਣ ਕਿ ਕੁੜੀ ਤੇਰੇ 'ਚ ਦਿਲਚਸਪੀ ਲੈ ਰਹੀ ਐ)।

ਇਸਤੋਂ ਬਿਨ੍ਹਾਂ ਉਹਨੇ ਇੱਕ ਗੱਲ ਹੋਰ ਸਿੱਖੀ ਸੀ ਸ਼ਾਇਰੀ ਤੇ ਪੋਇਟਰੀ ਉਹ ਪਹਿਲੀ ਪੌੜੀ ਹੈ ਜਿਥੋਂ ਰੁਮਾਂਸਵਾਦੀ ਕੁੜੀ ਨੂੰ ਸੌਖਿਆਂ ਹੀ ਗੱਲੀਬਾਤੀ ਉਲਝਾਇਆ ਜਾ ਸਕਦਾ ਹੈ। ਉਹਨੇ ਵੱਖੋ ਵੱਖ ਸਮਿਆਂ ਦੇ ਸ਼ਾਇਰਾਂ ਦੀ ਚੁਣੀਆਂ ਹੋਈਆਂ ਸ਼ਾਇਰੀ ਦੀਆਂ ਕਿਤਾਬਾਂ ਮੰਗਵਾਈਆਂ ਤੇ ਉਸ ਵਿੱਚੋ ਚੁਣ ਚੁਣ ਕੇ ਸ਼ੇਅਰ ਲਿਖ ਲਏ ਤੇ ਮੂੰਹ ਜ਼ੁਬਾਨੀ ਯਾਦ ਵੀ ਕੀਤੇ।

ਉਹਨਾਂ ਕੋਲ ਇੱਕ ਇੱਕ ਹਾਰਡ ਡਰਾਈਵ ਸੀ ਜਿਹੜੀ ਹਾਲੀਵੁੱਡ ਦੀਆਂ ਫਿਲਮਾਂ ਨਾਲ ਭਰੀ ਪਈ ਸੀ ਉਸਨੇ ਵਕਤ ਮਿਲਦੇ ਹੀ ਸਬ ਟਾਈਟਲ ਲਗਾ ਕੇ ਉਹ ਫਿਲਮਾਂ ਬੇਸ਼ਕ ਅੰਗਰੇਜ਼ੀ ਨੂੰ ਹੋਰ ਸੁਧਾਰਨ ਲਈ ਦੇਖੀਆਂ ਸਨ ਪਰ ਉਹਨਾਂ ਵਿਚਲੇ ਅਜਿਹੇ ਡਾਇਲੌਗ ਵੀ ਨੋਟ ਕੀਤੇ ਜਿਹੜੇ ਉਹਨੂੰ ਲੱਗਾ ਸਾਹਮਣੇ ਵਾਲੇ ਤੇ ਪੂਰਾ ਅਸਰ ਛੱਡ ਦੇਣਗੇ। ਡਾਈਲਾਗ ਤਾਂ ਉਹ ਅਕਸਰ ਹੀ ਆਪਣੇ ਕਲਾਇੰਟ ਨਾਲ ਵਰਤਦਾ ਰਹਿੰਦਾ ਸੀ।

ਉਸ ਨੇ ਆਪਣੇ ਰੂਮਮੇਟਾਂ 'ਤੇ ਇਹਨਾਂ ਗੱਲਾਂ ਦੀ ਪ੍ਰੈਕਟਿਸ ਕਰਨੀ ਚਾਹੀ । ਸੁੱਖੀ ਬੋਲਿਆ — "ਬਕਵਾਸ ਕਰੀਂ ਜਾਨੈ। ਕੋਈ ਕੁੜੀ ਤੇਰੇ ਪਿੱਛੇ ਨਹੀਂ ਆਉਣੀ।" ਗੁਰਜੀਤ ਬੋਲਿਆ — "ਤੂੰ ਤਾਂ ਚੰਡੀਗੜ੍ਹ ਦੀਆਂ ਮਾਰਕੀਟਾਂ 'ਚ ਈ ਫਸਿਆ ਰਹੇਗਾ।" ਵਿਕਰਮ ਨੇ ਉਨ੍ਹਾਂ ਦੀਆਂ ਗੱਲਾਂ ਅਣਸੁਣੀਆਂ ਕਰ ਦਿੱਤੀਆਂ।

ਉਸ ਨੇ ਸ਼ੀਸ਼ੇ ਸਾਹਮਣੇ ਖੜ੍ਹ ਕੇ ਬੋਲਣ ਦੀ ਮਿਹਨਤ ਕੀਤੀ — ਠਹਿਰ ਕੇ, ਸਾਫ਼, ਬਿਨਾ ਹਿਚਕਚਾਹਟ ਤੋਂ।

ਉਸ ਨੇ ਆਪਣੀ ਪੁਰਾਣੀ ਕਮੀਜ਼ ਨੂੰ ਅੱਗ ਲਾ ਦਿੱਤੀ ਤੇ ਸਸਤੇ ਬਾਜ਼ਾਰ ਤੋਂ ਇੱਕ ਨਕਲੀ ਡੈਨਿਮ ਜੈਕਟ ਖਰੀਦੀ — ਤਿੰਨ ਸੌ ਰੁਪਏ। ਜੁੱਤੀ ਵੀ ਬਦਲ ਲਈ — ਫੁੱਟਪਾਥ ਵਾਲੇ ਤੋਂ, ਢਾਈ ਸੌ ਦੀ।

ਵਾਲਾਂ 'ਚ ਥੋੜ੍ਹਾ ਜਿਹਾ ਜੈੱਲ ਲਾਇਆ ਤੇ ਠਾਣ ਲਿਆ: ਹੁਣ ਜਾਂ ਤਾਂ ਉਹ ਓਨ੍ਹਾਂ ਕੁੜੀਆਂ 'ਚੋਂ ਕਿਸੇ ਇੱਕ ਨੂੰ ਪਟਾ ਕੇ ਰਹੂ, ਜਾਂ ਫਿਰ ਕਾਲ ਸੈਂਟਰ ਛੱਡ ਕੇ ਪਿੰਡ ਨੂੰ ਮੁੜ ਜਾਊ। ਕੋਈ ਤੀਸਰਾ ਰਾਹ ਨਹੀਂ ਸੀ।ਸ਼ਾਮ ਦੇ ਪੰਜ ਵੱਜ ਰਹੇ ਸੀ। ਸੈਕਟਰ ਦੇ ਪਲਾਜ਼ਾ ਦੀਆਂ ਬੱਤੀਆਂ ਅਜੇ ਨਹੀਂ ਜਗੀਆਂ ਸੀ, ਪਰ ਫੁਹਾਰੇ ਦੇ ਪਾਣੀ 'ਤੇ ਸੂਰਜ ਦੀਆਂ ਕਿਰਨਾਂ ਟੁੱਟ-ਟੁੱਟ ਚਮਕ ਰਹੀਆਂ ਸੀ। ਦੁਕਾਨਾਂ ਦੇ ਬਾਹਰ ਕੁੜੀਆਂ ਦੀ ਕਤਾਰ ਲੱਗੀ ਸੀ — ਕੌਫੀ ਫੜੀ ਸੈਲਫੀ ਖਿੱਚਦੀਆਂ, ਆਪਣੇ ਬੁਆਏਫਰੈਂਡ ਨਾਲ ਹੱਸਦੀਆਂ, ਤੇ ਇੱਕ-ਅੱਧ ਇਕੱਲੀ ਬੈਠੀ ਕੋਈ ਕਿਤਾਬ ਪੜ੍ਹ ਰਹੀ ਸੀ। ਇੱਕ ਕੁੜੀ ਇੱਕ ਕਿਤਾਬ ਵਾਲੀ ਦੁਕਾਨ ਦੇ ਬਾਹਰ,ਇਕੱਲੀ ਬੈਠੀ ਸੀ। ਵਿਕਰਮ ਨੇ ਉਹਨੂੰ ਛੇਤੀ ਹੀ ਦੇਖ ਲਿਆ — ਉਹ ਸਭ ਤੋਂ ਵੱਖਰੀ ਸੀ। ਚਿੱਟੀ ਕੁੜਤੀ ਤੇ ਨੀਲੀ ਜੀਨਜ਼ ਪਾਈ । ਖੁੱਲ੍ਹੇ ਵਾਲ, ਹਵਾ 'ਚ ਹੌਲੀ-ਹੌਲੀ ਝੂਲਦੇ ਹੋਏ। ਉਹ ਇੱਕ ਕਿਤਾਬ ਪੜ੍ਹ ਰਹੀ ਸੀ — ਪਤਲੀ ਜਿਹੀ, ਪੁਰਾਣੀ, ਪੰਨੇ ਪੀਲੇ ਪਏ ਹੋਏ। ਵਿਕਰਮ ਨੇ ਗੌਰ ਨਾਲ ਦੇਖਿਆ: ਕਵਰ 'ਤੇ ਲਟਕਦਾ ਦੀਵਾ ਸੀ, ਤੇ ਕੁਝ ਫ਼ਾਰਸੀ 'ਚ ਲਿਖਿਆ — ਪਰ ਅੰਗਰੇਜ਼ੀ 'ਚ ਵੀ ਅੱਖਰ ਸੀ: Rumi — Selected Poems।

ਉਸਨੇ ਰੂਮੀ ਬਾਰੇ ਯੂਨੀਵਰਸਿਟੀ ਦੇ ਇੱਕ ਦੋਸਤ ਕੋਲੋਂ ਸੁਣਿਆ ਸੀ ਜਿਹੜਾ ਸੂਫ਼ੀਆਂ ਉੱਤੇ ਰਿਸਰਚ ਕਰ ਰਿਹਾ ਸੀ। ਇਹਨੀਂ ਦਿਨੀਂ ਹੀ ਯੂਨੀਵਰਸਿਟੀ ਵਿੱਚੋ ਨਿੱਕਲਿਆ ਸਤਿੰਦਰ ਸਰਤਾਜ਼ ਸੂਫ਼ੀ ਗਾਇਕੀ ਚ ਇੱਕ ਤਕੜਾ ਮੁਕਾਮ ਬਣਾ ਰਿਹਾ ਸੀ। ਇਸ ਲਈ ਇਹਨਾਂ ਵਿਸ਼ਿਆਂ ਤੇ ਅਕਸਰ ਉਹਦੀ ਦੋਸਤ ਮੰਡਲੀ ਚ ਗੱਲ ਬਾਤ ਹੁੰਦੀ ਸੀ।

ਵਿਕਰਮ ਦਾ ਦਿਲ ਜ਼ੋਰ-ਜ਼ੋਰ ਧੜਕਿਆ। ਇਹੀ ਮੌਕਾ ਸੀ। ਉਸ ਨੇ ਕੁੜੀ ਦੇ ਕੋਲ-ਦੀ ਤਿੰਨ ਗੇੜੇ ਮਾਰੇ — ਪਹਿਲਾ ਆਰਾਮ ਨਾਲ, ਦੂਜਾ ਥੋੜ੍ਹਾ ਨੇੜੇ ਜਾ ਕੇ, ਤੀਜਾ ਰੁਕ ਕੇ। ਉਸ ਨੇ ਕਿਤਾਬ ਵੱਲ ਇਸ਼ਾਰਾ ਕੀਤਾ ਤੇ ਅਵਾਜ਼ ਨੂੰ ਠੰਢਾ, ਆਮ ਜਿਹਾ ਰੱਖਣ ਦੀ ਕੋਸ਼ਿਸ਼ ਕੀਤੀ।

"ਰੂਮੀ? ਬੜੀ ਡਿਪ੍ਰੈਸਿੰਗ ਐ ਇਹ ਕਿਤਾਬ।"

ਉਸ ਨੇ ਉੱਪਰ ਦੇਖਿਆ। ਗੂੜ੍ਹੀਆਂ ਭੂਰੀਆਂ ਅੱਖਾਂ, ਪਲਕਾਂ ਹੌਲੀ-ਹੌਲੀ ਝਪਕੀਆਂ, ਜਿਵੇਂ ਕੋਈ ਲੈਂਜ਼ ਐਡਜਸਟ ਕਰ ਰਹੀ ਹੋਵੇ। ਨੱਕ 'ਤੇ ਛੋਟੀਆਂ-ਛੋਟੀਆਂ ਝਾਈਆਂ, ਜਿਨ੍ਹਾਂ 'ਤੇ ਮੇਕਅੱਪ ਦੀ ਪਰਤ ਬਿਲਕੁੱਲ ਨਹੀਂ ਸੀ।

"ਤੂੰ ਰੂਮੀ ਪੜ੍ਹਦੈਂ?"

"ਮੈਂ ਉਹਦੇ ਮੁੱਹਬਤ ਵਾਲੇ ਸ਼ਿਅਰ ਪੜ੍ਹਦਾਂ। ਪਰ ਇਸ ਕਿਤਾਬ ਦਾ ਟ੍ਰਾਂਸਲੇਸ਼ਨ ਬੜਾ ਹਲਕਾ ਐ। ਅਸਲੀ ਫ਼ਾਰਸੀ ਬੜੀ ਚੰਗੀ ਐ।"

ਇਹ ਲਾਈਨ ਵਿਕਰਮ ਨੇ ਆਪਣੇ ਕੋਲੋਂ ਘੜ ਲਈ ਸੀ। ਉਸ ਨੇ ਠੀਕ ਓਸੇ ਲਹਿਜੇ 'ਚ ਕਹੀ ਸੀ, ਜਿਵੇਂ ਉਹ ਕੋਈ ਗਹਿਰ ਗੰਭੀਰ ਸ਼ਾਇਰ ਹੋਵੇ। ਕੁੜੀ ਹੱਸ ਪਈ — ਅੰਦਰੋ ਨਿਕਲਿਆ ਹਾਸਾ ,ਝਿਜਕ ਤੇ ਉਤਸੁਕਤਾ ਦੇ ਵਿਚਾਲੇ ਕੁਝ।

#HarjotDiKalam

"ਨਾਂ ਕੀ ਐ ਤੇਰਾ?"

"ਵਿਕਰਮ। ਤੇ ਤੂੰ ਇੱਥੇ ਇਕੱਲੀ... ਕਿਸੇ ਦੋਸਤ ਦੀ ਉਡੀਕ ਕਰਦੀ?"

"ਨਹੀਂ। ਬਸ ਐਵੇਂ ਹੀ। ਦਿੱਲੀ ਤੋਂ ਕੁਝ ਦਿਨ ਘਰ ਛੁੱਟੀ 'ਤੇ ਆਈ ਹਾਂ।" ਉਸ ਨੇ ਕਿਤਾਬ ਬੰਦ ਕਰਕੇ ਝੋਲੇ 'ਚ ਪਾ ਲਈ। ਉਂਗਲਾਂ ਪਤਲੀਆਂ, ਨਹੁੰਆਂ 'ਤੇ ਹਲਕਾ ਗੁਲਾਬੀ ਵਾਰਨਿਸ਼।

ਉਹ ਕੁਝ ਦੇਰ ਗੱਲਾਂ ਕਰਦੇ ਰਹੇ ਥੋੜ੍ਹੀ ਸ਼ਾਇਰੀ, ਥੋੜ੍ਹੀ ਕਿਤਾਬ ਥੋੜ੍ਹਾ ਚੰਡੀਗੜ੍ਹ।

ਵਿਕਰਮ ਦੇ ਦੋਸਤਾਨਾ ਲਹਿਜ਼ੇ ਨੇ ਕੁੜੀ ਦੇ ਮਨ ਵਿੱਚੋ ਝਿਜਕ ਨੂੰ ਰੋੜ੍ਹ ਦਿੱਤਾ, ਹਮਉਮਰ ਤੇ ਚੰਡੀਗੜ੍ਹ ਦੇ ਖੁੱਲ੍ਹੇ ਮਾਹੌਲ ਚ ਥੋੜ੍ਹੀ ਜਾਣ ਪਛਾਣ ਵੀ ਛੇਤੀ ਕਾਫੀ ਡੇਟਸ ਬਦਲਣ ਚ ਬਹੁਤੀ ਦੇਰ ਨਹੀਂ ਲਗਦੀ।

"ਚੱਲ ਫਿਰ, ਮੈਂ ਤੈਨੂੰ ਇਸ ਸ਼ਹਿਰ ਦੀ ਰੂਮੀ ਦੀਆਂ ਕਵਿਤਾਵਾਂ ਵਾਲੀ ਥਾਂ ਦਿਖਾਵਾਂ।"

ਉਸ ਨੇ ਮਨ੍ਹਾਂ ਕਰਨ ਦਾ ਯਤਨ ਵੀ ਕੀਤਾ — "ਮੈਨੂੰ ਸੱਤ ਵਜੇ ਤੱਕ ਜਾਣੈ।" — ਵਿਕਰਮ ਨੇ ਦੋਸਤ ਵਾਂਗ ਉਹਦਾ ਹੱਥ ਫੜ੍ਹ ਕੇ ਖਿੱਚ ਲਿਆ ਸੀ। ਪਹਿਲੀ ਛੋਹ ਉਂਗਲਾਂ ਠੰਢੀਆਂ ਸੀ, ਥੋੜ੍ਹੀਆਂ ਕੰਬਦੀਆਂ। ਅਮਨ ਨੇ ਵਿਕਰਮ ਕੋਲੋਂ ਹੱਥ ਨਹੀਂ ਛੁਡਾਇਆ ਸੀ।

ਵਿਕਰਮ ਉਹਨੂੰ ਸੈਕਟਰ ਦੀ ਪਿਛਲੀ ਗਲੀ 'ਚ ਲੈ ਗਿਆ — ਇੱਕ ਬੁੱਢਾ ਆਦਮੀ ਚਾਹ ਬਣਾਉਂਦਾ, ਮਿੱਟੀ ਦੇ ਕੁਲ੍ਹੜ 'ਚ, ਕੋਲਿਆਂ ਦੀ ਅੱਗ 'ਤੇ। ਇਹ ਪਟੜੀ ਨੌਜਵਾਨਾਂ ਚ ਫੇਮਸ ਹੋਣੀ ਸ਼ੁਰੂ ਹੋ ਗਈ।

ਅਮਨ ਨੇ ਜ਼ਿੰਦਗੀ 'ਚ ਪਹਿਲੀ ਵਾਰ ਇਥੇ ਚਾਹ ਪੀਤੀ ਸੀ । ਬੋਲੀ — "ਦਿੱਲੀ ਦੀ ਕੌਫੀ ਨਾਲੋਂ ਚੰਗੀ ਐ।"

"ਦਿੱਲੀ 'ਚ ਕੀ ਚੰਗੈ?" ਵਿਕਰਮ ਨੇ ਪੁੱਛਿਆ — ਬਿਲਕੁਲ ਆਮ, ਜਿਵੇਂ ਸੱਚੀਂ ਜਾਣਨਾ ਚਾਹੁੰਦਾ ਹੋਵੇ।

"ਕੁਝ ਨਹੀਂ। ਭੀੜ, ਗੱਡੀਆਂ, ਲੋਕ ਬੱਸ ਭੱਜੀ ਜਾਂਦੇ।"

"ਤੂੰ ਵੀ ਓਥੋਂ ਭੱਜ ਕੇ ਫਿਰ ਇਥੇ ਆ ਗਈ ਏਂ ?"

ਉਹ ਚੁੱਪ ਹੋ ਗਈ। ਚਾਹ ਦਾ ਕੁੱਲ੍ਹਡ ਦੋਹਾਂ ਹੱਥਾਂ 'ਚ ਘੁੱਟ ਲਿਆ, ਗਰਮਾਹਟ ਮਹਿਸੂਸ ਕਰਦੀ। "ਨਹੀਂ। ਮੈਂ ਰੁਕਣਾ ਚਾਹੁੰਦੀ, ਪਰ ਕਿਧਰੇ, ਥਾਹ ਨਹੀਂ। "

ਵਿਕਰਮ ਨੇ ਇਹ ਲਾਈਨ ਨੋਟ ਕਰ ਲਈ, ਦਿਮਾਗ ਵਿੱਚ, 'ਰੁਕਣਾ ਚਾਹੁੰਦੀ' — ਭਾਵ ਉਹ ਭਟਕ ਰਹੀ ਹੈ। ਭਟਕੀਆਂ ਕੁੜੀਆਂ ਸਭ ਤੋਂ ਸੌਖੀਆਂ ਹੁੰਦੀਆਂ। ਉਹਨਾਂ ਨੂੰ ਇੱਕ ਸੇਧ ਦਿਓ, ਤੇ ਉਹ ਤੁਹਾਡੀ ਹੋ ਜਾਣਗੀਆਂ। ਉਹਨੂੰ ਯੂ ਟਿਊਬ ਦਾ ਸਬਕ ਚੇਤੇ ਆਇਆ।

ਪਹਿਲੀ ਵਾਰ ਉਸਨੂੰ ਮਿਹਨਤ ਦਾ ਫਲ ਮਿਲਿਆ ਸੀ।

ਦੂਸਰੀ ਵਾਰ ਉਹ ਇੱਕ ਨਿੱਕੀ ਡੇਟ ਤੇ ਮਿਲੇ, ਕਾਫੀ ਡੇਟ ਤੇ ਪਰ ਇਸ ਵਾਰ ਸ਼ਾਇਰੀ ਤੋਂ ਵੱਧ ਉਹਨਾਂ ਨੇ ਇੱਕ ਦੂਸਰੇ ਬਾਰੇ ਜਾਣਿਆ, ਕੌਣ ਕਿੱਥੋਂ , ਪਰਿਵਾਰ, ਜਿੰਨਾ ਵੀ ਹੋ ਸਕਿਆ ਵਿਕਰਮ ਨੇ ਆਪਣੇ ਬਾਰੇ ਇੱਕ ਪੂਰੀ ਕਹਾਣੀ ਘੜ ਲਈ ਸੀ।

ਤੀਸਰੀ ਵਾਰ 'ਤੇ ਉਹ ਉਹਨੂੰ ਸੁਖਨਾ ਝੀਲ ਲੈ ਗਿਆ, ਜਿਵੇਂ ਉਹਨੇ ਆਖਿਆ ਉਹਨੂੰ ਪਾਣੀ ਦੀਆਂ ਲਹਿਰਾਂ ਬਹੁਤ ਪਸੰਦ ਸੀ। ਨਵੰਬਰ ਦਾ ਮਹੀਨਾ, ਠੰਢੀ ਹਵਾ, ਪਰ ਸੂਰਜ ਅਜੇ ਵੀ ਤਪਦਾ ਸੀ। ਝੀਲ ਦੇ ਕੰਢੇ ਪੱਥਰਾਂ 'ਤੇ ਬੈਠ ਕੇ ਪਾਣੀ 'ਚ ਪੈਰ ਲਟਕਾਏ। ਅਮਨ ਨੇ ਜੁੱਤੀਆਂ ਲਾਹ ਦਿੱਤੀਆਂ — ਪੈਰ ਛੋਟੇ, ਨਹੁੰਆਂ 'ਤੇ ਓਹੀ ਗੁਲਾਬੀ ਵਾਰਨਿਸ਼। ਵਿਕਰਮ ਨੇ ਉਹਦੇ ਪੈਰ ਦੀਆਂ ਉਂਗਲਾਂ 'ਤੇ ਨਿਗ੍ਹਾ ਮਾਰੀ, ਫਿਰ ਅੱਖਾਂ 'ਤੇ।

"ਤੇਰੀ ਮਾਂ ਦਾ ਕੀ ਹਾਲ ਐ?" ਅਮਨ ਨੇ ਅਚਾਨਕ ਪੁੱਛਿਆ — ਦੂਸਰੀ ਡੇਟ 'ਤੇ ਵਿਕਰਮ ਨੇ ਦੱਸਿਆ ਸੀ ਕਿ ਉਹਦੀ ਮਾਂ ਬੀਮਾਰ ਐ।

ਵਿਕਰਮ ਨੇ ਤਿੰਨ ਸਕਿੰਟ ਦਾ ਗੈਪ ਲਿਆ। ਠੀਕ ਓਵੇਂ ਜਿਵੇਂ ਅਭਿਆਸ ਕੀਤਾ ਸੀ। ਉਸ ਨੇ ਅੱਖਾਂ ਨੀਵੀਆਂ ਕਰ ਲਈਆਂ, ਸਾਹ ਥੋੜ੍ਹਾ ਲੰਬਾ ਲਿਆ, ਤੇ ਫਿਰ ਬੋਲਿਆ — "ਉਹ ਹਾਲੇ ਵੀ ਬੀਮਾਰ ਐ,ਤਪਦਿਕ ਦੀ ਸਮੱਸਿਆ ਹੈ। ਮੈਂ ਉਹਦੇ ਇਲਾਜ ਦੇ ਲਈ ਈ ਚੰਡੀਗੜ੍ਹ ਆਇਆਂ।"

ਇਹ ਪੂਰੀ ਤਰ੍ਹਾਂ ਝੂਠ ਸੀ। ਉਹਦੀ ਮਾਂ ਪਿੰਡ 'ਚ ਰੱਜੀ-ਪੁੱਜੀ ਬੈਠੀ ਸੀ, ਬੱਸ ਕਦੇ ਕਦੇ ਜ਼ੁਕਾਮ ਭਾਵੇਂ ਹੋ ਜਾਂਦਾ ਸੀ। ਪਰ ਉਹਦੀ ਅਵਾਜ਼ 'ਚ ਜੋ ਘੁਟਣ ਸੀ, ਉਸ ਨੇ ਅਮਨ ਦੀਆਂ ਅੱਖਾਂ ਭਿਉਂ ਦਿੱਤੀਆਂ ਸੀ। ਉਸ ਨੇ ਵਿਕਰਮ ਦਾ ਹੱਥ ਆਪਣੇ ਹੱਥ 'ਚ ਲੈ ਲਿਆ — ਹਥੇਲੀ ਗਰਮ ਸੀ , ਥੋੜ੍ਹੀ ਸਿੱਲ੍ਹੀ ਹੋ ਗਈ ਅਮਨ ਦੀਆਂ ਅੱਖਾਂ ਦੇ ਪਾਣੀ ਨਾਲ।

"ਆਈ ਐਮ ਸੌਰੀ। ਮੈਨੂੰ ਨੀ ਪਤਾ ਸੀ।"

"ਮੈਨੂੰ ਮਜ਼ਬੂਤ ਬਣਨਾ ਪੈਂਦੈ। ਪਰ ਕਦੇ-ਕਦੇ ਮੈਨੂੰ ਲੱਗਦੈ ਮੈਂ ਬਹੁਤ ਇਕੱਲਾ ਹਾਂ ਤੇ ਇਸ ਦੁੱਖ ਵਿੱਚ ਸਾਥ ਦੇਣ ਵਾਲਾ ਕੋਈ ਨਹੀਂ ਹੈ।"

ਇਹ ਲਾਈਨ ਵਿਕਰਮ ਇੱਕ ਫਿਲਮ ਵਿੱਚ ਚੁੱਕੀ ਸੀ ਉਸ ਨੇ ਰੱਟ ਲੀ ਸੀ, ਐਨੀ ਵਾਰ ਕਿ ਹੁਣ ਰੋ ਵੀ ਪੈਂਦਾ ਸੀ ਉਸ ਨੇ ਬੱਸ ਅੱਖਾਂ ਥੋੜ੍ਹੀਆਂ ਗਿੱਲੀਆਂ ਕਰ ਲਈਆਂ। ਅਮਨ ਨੇ ਉਹਦੇ ਚਿਹਰੇ ਵੱਲ ਦੇਖਿਆ, ਤੇ ਉਸ ਉੱਤੇ ਆਏ ਗਹਿਰੇ ਅਹਿਸਾਸ ਪੜ੍ਹ ਕੇ — ਉਹ ਦਿਲੋਂ ਉਸਦੀ ਗ੍ਰਿਫ਼ਤ ਵਿੱਚ ਆ ਚੁੱਕੀ ਸੀ। ਉਸ ਪੁਆਇੰਟ ਤੋਂ ਉਹ ਉਸ ਦੀ ਕਿਸੇ ਵੀ ਗੱਲ ਨੂੰ ਨਾਂਹ ਨਹੀਂ ਆਖੇਗੀ।

ਪਰ ਉਸਨੇ ਹਲੇ ਉਡੀਕ ਕਰਨੀ ਚ, ਅਗਲੀ ਮੁਲਾਕਾਤ ਤੱਕ ਉਸਦੇ ਅਹਿਸਾਸਾਂ ਨੂੰ ਅਮਨ ਦੇ ਦਿਲ ਚ ਪੁੰਗਰ ਦੇਣਾ ਚਾਹੁੰਦਾ ਸੀ।

(ਅਗਲਾ ਹਿੱਸਾ ਇੱਕ 10: 30 ਤੇ ਨਹੀਂ ਤਾਂ ਪ੍ਰਤਿਲਿਪੀ ਉੱਤੇ ਪੂਰੀ ਪੜ੍ਹੋ )

ਚਲਦਾ

ਹਰਜੋਤ ਸਿੰਘ

70094 52602



# ਗੁਰਦੇਵ ਸਿੰਘ ਗਾਲਿਬ ਵੱਲੋਂ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਨੂੰ ₹5 ਲੱਖ ਦੀ ਵਿੱਤੀ ਸਹਾਇਤਾ ਭੇਟ।



**ਚੋਹਲਾ ਸਾਹਿਬ 4 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ ਸੰਨ 1970 ਵਿੱਚ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਮੌਜੂਦਾ ਸਮੇਂ ਕਾਲਜ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਵਿਦਿਆ ਦਾ ਚਾਨਣ ਫੈਲਾਉਣ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਬਖੂਬੀ ਨਿਭਾ ਰਿਹਾ ਹੈ। ਇਸ ਸਿਰਮੌਰ ਸੰਸਥਾ ਦਾ ਉਦੇਸ਼ ਸਿਰਫ਼ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ, ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਬਾਰੇ ਵੀ ਜਾਗਰੂਕ ਕਰਨਾ ਹੈ। ਕਾਲਜ ਵਿੱਚ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ, ਖੇਡਾਂ ਅਤੇ ਸਮਾਜਿਕ ਸੇਵਾਵਾਂ ਨੂੰ ਵੀ ਮਹੱਤਤਾ ਦਿੱਤਾ ਜਾਂਦਾ ਹੈ। ਕਾਲਜ ਦੀਆਂ ਇਹਨਾਂ ਕਦਰਾਂ ਕੀਮਤਾਂ ਤੋਂ ਪ੍ਰਭਾਵਿਤ ਹੋ ਕੇ ਸਿੱਖਿਆ ਅਤੇ ਸਮਾਜਿਕ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕਰਦਿਆਂ ਸ੍ ਗੁਰਦੇਵ ਸਿੰਘ ਗਾਲਿਬ, ਜੋ ਕਿ ਹਾਂਗਕਾਂਗ ਕਰੈਕਸ਼ਨਲ ਸਰਵਿਸਿਜ਼ ਦੇ ਸੇਵਾਮੁਕਤ ਡੀ.ਐਸ.ਪੀ ਹਨ ਅਤੇ ਵਰਤਮਾਨ ਵਿੱਚ ਖਾਲਸਾ ਦੀਵਾਨ ਐਗਜ਼ੈਕਟਿਵ ਕਮੇਟੀ, ਸਿੱਖ ਟੈਂਪਲ ਹਾਂਗਕਾਂਗ ਦੇ ਕਨਵੀਨਰ ਅਤੇ ਪੰਜਾਬ ਯੂਥ ਕਲੱਬ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਰਹੇ ਹਨ, ਨੇ ਦੂਜੀ ਵਾਰ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਦਾ ਦੌਰਾ ਕੀਤਾ ਅਤੇ ਉੱਚ ਸਿੱਖਿਆ ਦੇ ਪ੍ਰਚਾਰ ਅਤੇ ਸੰਸਥਾ ਦੀ ਸਪੋਰਟਸ ਅਕੈਡਮੀ ਲਈ ਖੁੱਲ੍ਹੇ ਦਿਲ ਨਾਲ ₹5 ਲੱਖ ਦੀ ਰਕਮ ਦਾਨ ਕੀਤੀ। ਇਹ ਰਕਮ ਉਨ੍ਹਾਂ ਵੱਲੋਂ ਬੁੱਧਿਸਟ ਚਿੰਗ ਫੈਟ ਲੋਟਸ ਸੈਂਟਰ ਹਾਂਗਕਾਂਗ ਵਲੋਂ ਭੇਟ ਕੀਤੀ ਗਈ।

# ਦਿਵਿਆਂਗ ਐਕਸ਼ਨ ਕਮੇਟੀ ਦੀ ਸਾਂਝੀ ਮੀਟਿੰਗ, ਹੱਕਾਂ ਲਈ ਰੋਸ਼ ਪ੍ਰਦਰਸ਼ਨ ਦਾ ਐਲਾਨ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 3 ਮਈ |**

ਪਿੱਦੀ ਕਚਿਹਰੀਆਂ ਤਰਨ ਤਾਰਨ ਵਿਖੇ ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਦੀ ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੀ ਸਾਂਝੀ ਮੀਟਿੰਗ ਹੋਈ, ਮੀਟਿੰਗ ਵਿੱਚ ਸੂਬਾ ਪ੍ਰਧਾਨ ਲਖਵੀਰ ਸਿੰਘ ਸੈਣੀ ਵਿਸ਼ੇਸ ਤੋਰ ਤੇ ਪੁੱਜੇ।

ਮੀਟਿੰਗ ਦੌਰਾਨ ਗੁਰਪ੍ਰੀਤ ਸਿੰਘ ਗਿੱਲ, ਸੁਖਵਿੰਦਰ ਸਿੰਘ ਓਸਮਾਂ, ਮੰਗਲ ਸਿੰਘ ਕੈਰੋਵਾਲ, ਸੁਰਿੰਦਰ ਸਿੰਘ ਸੰਗਤਪੁਰਾ, ਹਰਦੀਪ ਸਿੰਘ ਝਬਾਲ, ਗੁਰਵੇਲ ਸਿੰਘ ਪੱਧਰੀ ਕਲਾਂ, ਲਖਬੀਰ ਸਿੰਘ ਚੱਕ ਸਿਕੰਦਰ ਅਤੇ ਬਲਵਿੰਦਰ ਸਿੰਘ ਨਿੱਝਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਦਿਵਿਆਂਗ ਵਰਗ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਜਾ ਰਹੇ। ਉਨ੍ਹਾਂ ਦੋਸ਼ ਲਗਾਇਆ ਕਿ 2500 ਰੁਪਏ ਮਹੀਨਾ ਪੈਨਸ਼ਨ ਦੀ ਗਰੰਟੀ ਨੂੰ ਲਾਗੂ ਨਹੀਂ ਕੀਤਾ ਗਿਆ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿੱਚ ਵੀ ਦਿਵਿਆਂਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।

ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਜਲਦ ਹੀ ਐੱਮ.ਐੱਲ.ਏ. ਹਰਮੀਤ ਸਿੰਘ ਸੰਧੂ ਨੂੰ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਕਰਵਾਉਣ ਲਈ ਯਾਦ ਪੱਤਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਦਿਵਿਆਂਗ ਹੱਕਾਂ ਨੂੰ ਲੈ ਕੇ ਇੱਕ ਵਿਸ਼ਾਲ ਮੋਟਰਸਾਈਕਲ ਰੈਲੀ ਕੱਢਣ ਦਾ ਵੀ ਐਲਾਨ ਕੀਤਾ ਗਿਆ।

ਸੂਬਾ ਪ੍ਰਧਾਨ ਲਖਵੀਰ ਸਿੰਘ ਸੈਣੀ ਨੇ ਕਿਹਾ ਕਿ ਜੇਕਰ ਮੰਗਾਂ ਨੂੰ ਜਲਦ ਨਾ ਮੰਨਿਆ ਗਿਆ ਤਾਂ ਸੂਬਾ ਪੱਧਰ 'ਤੇ ਵੱਡਾ ਰੋਸ਼ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿੱਚ ਦਿਵਿਆਂਗਾਂ ਨੂੰ ਪਹਿਲ ਦੇ ਆਧਾਰ 'ਤੇ ਸ਼ਾਮਲ ਕੀਤਾ ਜਾਵੇ, ਸੁਵਿਧਾ ਕੇਂਦਰਾਂ 'ਤੇ ਆ ਰਹੀਆਂ ਮੁਸ਼ਕਲਾਂ ਦੂਰ ਕੀਤੀਆਂ ਜਾਣ ਅਤੇ ਅੰਗਹੀਣ ਭਲਾਈ ਐਕਟ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ।

ਇਸ ਮੌਕੇ ਜ਼ਿਲ੍ਹਾ ਖ਼ਜ਼ਾਨਚੀ ਮਨਜਿੰਦਰ ਸਿੰਘ ਲਾਡੀ ਸਮੇਤ ਵੱਡੀ ਗਿਣਤੀ ਵਿੱਚ ਐਕਸ਼ਨ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ ਮੌਜੂਦ ਸਨ, ਜਿਨ੍ਹਾਂ ਨੇ ਇਕਜੁੱਟ ਹੋ ਕੇ ਆਪਣੇ ਹੱਕਾਂ ਲਈ ਲੜਨ ਦਾ ਸੰਕਲਪ ਕੀਤਾ।

# ਖਾਲਸਾ ਕਾਲਜ, ਚੋਹਲਾ ਸਾਹਿਬ 'ਚ 5 ਦਿਨਾਂ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ 'ਡਿਜੀਟਲ ਲਿਟਰੇਸੀ' ਦੀ ਸ਼ੁਰੂਆਤ



**ਚੋਹਲਾ ਸਾਹਿਬ 4 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਵਿੱਚ ਅੱਜ ਮਿਤੀ 04 ਮਈ 2026 ਨੂੰ ਪੰਜ ਦਿਨਾਂ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਡਿਜ਼ਿਟਲ ਲਿਟਰੇਸੀ ਫਾਰ ਟੀਚਿੰਗ ਪ੍ਰੈਕਟਿਸ ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ। ਇਹ ਪ੍ਰੋਗਰਾਮ 04-05-2026 ਤੋਂ 08-05-2026 ਤੱਕ ਆਈ ਸੀ ਟੀ ਅਕੈਡਮੀ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸਦਾ ਉਦੇਸ਼ ਅਧਿਆਪਕਾਂ ਦੀ ਡਿਜ਼ਿਟਲ ਸਮਰੱਥਾ ਨੂੰ ਮਜ਼ਬੂਤ ਕਰਨਾ ਹੈ। ਉਦਘਾਟਨ ਸਮਾਰੋਹ ਦੀ ਸ਼ੁਰੂਆਤ ਰਿਵਾਇਤੀ ਤਰੀਕੇ ਨਾਲ ਦੀਪ ਪ੍ਰਜਵਲਨ ਕਰਕੇ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਨੇ ਸਵਾਗਤੀ ਭਾਸ਼ਣ ਦਿੰਦੇ ਹੋਏ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਜੀ ਦੀ ਰਹਿਨੁਮਾਈ ਅਤੇ ਵਿਦਿਆ ਸਕੱਤਰ ਇੰਜੀ. ਸ. ਸੁਖਮਿੰਦਰ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਦਾ ਮੂਲ ਉਦੇਸ਼ ਅਧਿਆਪਕ ਸਹਿਬਾਨ ਨੂੰ ਅਧਨਿਕ ਸਿੱਖਿਆ ਪ੍ਰਦਾਨ ਕਰਨ ਦੇ ਡਿਜੀਟਲ ਸਾਧਨਾਂ ਦੀ ਸੁਯੋਗ ਵਰਤੋਂ ਤੋਂ ਜਾਣੂੰ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਸਿੱਖਿਆ ਪ੍ਰਣਾਲੀ ਵਿੱਚ ਡਿਜ਼ਿਟਲ ਸਾਧਨਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੋ ਚੁੱਕੀ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਅਧਿਆਪਕਾਂ ਲਈ ਨਵੀਆਂ ਤਕਨੀਕਾਂ ਨਾਲ ਅੱਪਡੇਟ ਰਹਿਣਾ ਲਾਜ਼ਮੀ ਹੈ, ਤਾਂ ਜੋ ਵਿਦਿਆਰਥੀਆਂ ਨੂੰ ਸਮਕਾਲੀ, ਰੁਚਿਕਰ ਅਤੇ ਪ੍ਰਭਾਵਸ਼ਾਲੀ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਇਸ ਮੌਕੇ 'ਤੇ ਸ੍ਰੀ ਲਵਤੇਸ਼ ਕੁਮਾਰ (ਸਟੇਟ ਕੋਆਰਡੀਨੇਟਰ, ਆਈ.ਸੀ.ਟੀ) ਵੱਲੋਂ ਵਿਸ਼ੇਸ਼ ਸੰਬੋਧਨ ਕੀਤਾ ਗਿਆ। ਉਨ੍ਹਾਂ ਨੇ ਡਿਜ਼ਿਟਲ ਲਿਟਰੇਸੀ ਦੀ ਅਹਿਮੀਅਤ ਉੱਤੇ ਰੋਸ਼ਨੀ ਪਾਂਦਿਆਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਡਿਜ਼ਿਟਲ ਹੁਨਰ ਅਧਿਆਪਕਾਂ ਲਈ ਅਤਿ-ਲੋੜੀਂਦੇ ਹਨ ਅਤੇ ਇਹ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਪ੍ਰੋਗਰਾਮ ਦੇ ਮੁੱਖ ਵਕਤਾ ਮੁਹੰਮਦ ਆਦਿਲ ਨੇ ਪਹਿਲੇ ਸੈਸ਼ਨ ਦੌਰਾਨ ਡਿਜ਼ਿਟਲ ਟੂਲਜ਼ ਦੇ ਮੁੱਢਲੇ ਪੱਖਾਂ, ਉਨ੍ਹਾਂ ਦੀ ਵਰਤੋਂ ਅਤੇ ਕਲਾਸਰੂਮ ਵਿੱਚ ਉਪਯੋਗਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਅਧਿਆਪਕਾਂ ਨੂੰ ਪ੍ਰੈਕਟੀਕਲ ਉਦਾਹਰਣਾਂ ਰਾਹੀਂ ਡਿਜ਼ਿਟਲ ਸਾਧਨਾਂ ਦੀ ਪ੍ਰਭਾਵਸ਼ਾਲੀ ਵਰਤੋਂ ਸਿਖਾਈ।ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਇੰਜੀ. ਹਿੰਮਤ ਸਿੰਘ ਨੇ ਭਾਗੀਦਾਰਾਂ ਨੂੰ ਪ੍ਰੋਗਰਾਮ ਦੀ ਰੂਪਰੇਖਾ ਨਾਲ ਜਾਣੂ ਕਰਵਾਇਆ ਅਤੇ ਆਉਣ ਵਾਲੇ ਸੈਸ਼ਨਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਇਸ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਡਿਜ਼ਿਟਲ ਟੀਚਿੰਗ ਟੂਲਜ਼, ਆਨਲਾਈਨ ਪਲੇਟਫਾਰਮ ਅਤੇ ਇੰਟਰਐਕਟਿਵ ਲਰਨਿੰਗ ਤਕਨੀਕਾਂ 'ਤੇ ਖਾਸ ਧਿਆਨ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਸਿੱਖਿਆ ਸੰਸਥਾਵਾਂ ਤੋਂ ਆਏ ਅਧਿਆਪਕਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜਿਸ ਨਾਲ ਅਕਾਦਮਿਕ ਸਾਂਝ ਅਤੇ ਤਜਰਬਿਆਂ ਦਾ ਸਰਗਰਮ ਆਦਾਨ-ਪ੍ਰਦਾਨ ਹੋਇਆ। ਪਹਿਲੇ ਦਿਨ ਦੇ ਸੈਸ਼ਨਾਂ ਦੌਰਾਨ ਭਾਗੀਦਾਰਾਂ ਨੇ ਬੜੇ ਜੋਸ਼ ਨਾਲ ਹਿੱਸਾ ਲਿਆ ਅਤੇ ਪ੍ਰੋਗਰਾਮ ਦੀ ਸ਼ੁਰੂਆਤ ਨੂੰ ਸਰਾਹਿਆ। ਉਦਘਾਟਨ ਸਮਾਰੋਹ ਵਿੱਚ ਕਾਲਜ ਦੇ ਸਟਾਫ਼ ਮੈਂਬਰਾਂ ਅਤੇ ਭਾਗੀਦਾਰ ਅਧਿਆਪਕਾਂ ਦੀ ਵੱਡੀ ਗਿਣਤੀ ਮੌਜੂਦ ਰਹੀ। ਇਹ ਪ੍ਰੋਗਰਾਮ ਅਗਲੇ ਚਾਰ ਦਿਨਾਂ ਦੌਰਾਨ ਵੀ ਵੱਖ-ਵੱਖ ਰੁਚਿਕਰ ਅਤੇ ਜਾਣਕਾਰੀ ਭਰਪੂਰ ਸੈਸ਼ਨਾਂ ਨਾਲ ਜਾਰੀ ਰਹੇਗਾ।

# ਹੁਸਨਪ੍ਰੀਤ ਸਿੰਘ ਅੱਠਵੀਂ ਕਲਾਸ ਨੇ ਨੈਸ਼ਨਲ ਸਕਾਲਰਸ਼ਿਪ ਪ੍ਰਾਪਤ ਕੀਤੀ



ਚੋਹਲਾ ਸਾਹਿਬ 4 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਲਾਂਸ ਨਾਇਕ ਸ਼ਹੀਦ ਸ਼ਿੰਗਾਰਾ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੋਹਲਾ ਸਾਹਿਬ ਦੇ ਅੱਠਵੀਂ ਕਲਾਸ ਦੇ ਵਿਦਿਆਰਥੀ ਹੁਸਨਪ੍ਰੀਤ ਸਿੰਘ ਨੇ ਬੀਤੇ ਦਿਨੀਂ ਕਰਵਾਈ ਗਈ ਨੈਸ਼ਨਲ ਮੀਨਸ ਕਮ ਮੈਰਿਟ ਸਕਾਲਰਸ਼ਿਪ ਐਨ ਐਚ ਐਮ ਐਸ ਦੇ ਪੇਪਰ ਨੂੰ ਕਵਾਲੀਫਾਈ ਕਰਕੇ ਨੈਸ਼ਨਲ ਸਕਾਲਰਸ਼ਿਪ ਪ੍ਰਾਪਤ ਕੀਤੀ ਹੈ।ਇਸ ਸਮੇਂ ਸਕੂਲ ਦੇ ਮੁਖੀ ਲਖਵੀਰ ਸਿੰਘ ਨੇ ਦੱਸਿਆ ਕਿ ਹੁਸਨਪ੍ਰੀਤ ਸਿੰਘ ਨੇ ਆਪਣੀ ਅਤੇ ਅਧਿਆਪਕਾਂ ਦੀ ਮਿਹਨਤ ਸਦਕਾ ਪੇਪਰ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਕੇ ਨੈਸ਼ਨਲ ਸਕਾਲਰਸ਼ਿਪ ਪ੍ਰਾਪਤ ਕਰਕੇ ਜਿੱਥੇ ਸਕੂਲ ਦਾ ਨਾਮ ਉੱਚਾ ਕੀਤਾ ਹੈ ਉੱਥੇ ਆਪਣੇ ਮਾਪਿਆਂ ਦਾ ਵੀ ਸਿਰ ਫਖਰ ਨਾਲ ਉੱਚਾ ਕੀਤਾ ਹੈ।ਉਹਨਾਂ ਕਿਹਾ ਕਿ ਪੂਰੇ ਸਟਾਫ ਨੇ ਬਹੁਤ ਹੀ ਇਮਾਨਦਾਰੀ ਅਤੇ ਲਗਨ ਅਤੇ ਸਿਜੱਤ ਨਾਲ ਇਸ ਵਿਦਿਆਰਥੀ ਦੀ ਤਿਆਰੀ ਕਰਵਾਈ ਸੀ ਇਸ ਵਿਦਿਆਰਥੀ ਨੂੰ ਨੌਵੀਂ ਤੋਂ ਬਾਰਵੀਂ ਕਲਾਸ ਤੱਕ ਹਰ ਮਹੀਨੇ 1 ਹਜਾਰ ਰੁਪੈ ਸਕਾਲਰਸ਼ਿਪ ਦਿੱਤੀ ਜਾਣੀਹੈ।ਇਹ ਵਿਦਿਆਰਥੀ ਹੋਰਾਂ ਵਿਦਿਆਰਥੀਆਂ ਨੂੰ ਅੱਗੇ ਵਧਣ ਵਿੱਚ ਸੇਧ ਦਵੇਗਾ।ਖਾਸ ਕਰਕੇ ਅੱਠਵੀਂ ਕਲਾਸ ਦੇ ਇੰਚਾਰਜ ਅਧਿਆਪਕ ਵਧਾਈ ਦੇ ਪਾਤਰ ਹਨ ਇਹਨਾਂ ਦੀ ਹੌਸਲਾ ਅਫਜਾਈ ਸਦਕਾ ਬੱਚੇ ਨੇ ਪੇਪਰ ਪਾਸ ਕੀਤਾ ਹੈ ਮੈਂ ਉਮੀਦ ਕਰਦਾ ਹਾਂ ਕਿ ਮੇਰੇ ਸਕੂਲ ਦੇ ਸਮੂਹ ਸਟਾਫ ਇਸੇ ਤਰ੍ਹਾਂ ਆਪਣੀ ਮਿਹਨਤ ਨਾਲ ਬੱਚਿਆਂ ਦੀ ਤਿਆਰੀ ਕਰਵਾਉਣਗੇ।ਇਸ ਸਮੇਂ ਮਿਸ ਰਵੀਨਾ ਰਾਣੀ ਹਿੰਦੀ ਟੀਚਰ ਅਤੇ ਸਮੂਹ ਸਟਾਫ ਹਾਜਰ ਸੀ।

ਸੱਚੀ ਅਤੇ ਨਿਰਪੱਖ ਵਿਚਾਰਧਾਰਾ
CEE7NEWS
Daily Digital Edition



